Excellence in Agri Info
KHETI DUNIYAN, PATIALA
ਭਾਰਤ ਦਾ ਇੱਕੋ-ਇੱਕ ਹਫਤਾਵਾਰੀ ਪੰਜਾਬੀ ਖੇਤੀਬਾੜੀ ਅਖ਼ਬਾਰ
ਖੇਤੀ ਦੁਨੀਆਂ
Rs.10/-
www.khetiduniyan.in
Postage Regd. No. PB/PTA/0338/2025-2027
Editor : Jagpreet Singh • RNI 42269/83 (PUNPUN00806) • Issue Dated 21-03-2026 • Vol.44 No.12 • M. 90410-14575 • Page 16 E-mail : khetiduniyan1983@gmail.com

ਮਾਰਚ ਮਹੀਨੇ ਵਿੱਚ ਲੱਗਣ ਵਾਲੇ
ਕਿਸਾਨ ਮੇਲਿਆਂ ਮੌਕੇ ਕਿਸਾਨ ਵੀਰਾਂ ਦੇ
ਉਤਸ਼ਾਹ ਨੂੰ ਵੇਖਦਿਆਂ
ਖੇਤੀ ਦੁਨੀਆਂ
ਵੱਲੋਂ
ਪੁਰਾਣੇ ਗ੍ਰਾਹਕਾਂ ਲਈ ਚੰਦਿਆਂ 'ਤੇ
ਚੰਦਿਆਂ 'ਤੇ ਵਿਸ਼ੇਸ਼ ਛੂਟ
ਇੱਕ ਸਾਲ ਲਈ
250/- ਰੁਪਏ
ਦੋ ਸਾਲ ਲਈ 450/- ਰੁਪਏ
ਤਿੰਨ ਸਾਲ ਲਈ 650/- ਰੁਪਏ
ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।
ਵਟਸਐਪ ਰਾਹੀਂ ਪ੍ਰਾਪਤ ਕਰਨ ਲਈ
ਸਾਲਾਨਾ ਚੰਦਾ
ਸਿਰਫ 100/-* ਰੁਪਏ
KHETI DUNIYAN
TID - 62763351
ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ :
ਮੋ. 90410-14575
Website : www.khetiduniyan.in
E-mail : khetiduniyan1983@gmail.com
ਚੰਦੇ ਭਰਨ ਲਈ QR ਕੋਡ ਸਕੈਨ ਕਰੋ।
ਨੋਟ : ਇਸ ਵਾਰ ਖੇਤੀ ਦੁਨੀਆਂ ਵੱਲੋਂ ਕਿਸਾਨ ਮੇਲਿਆਂ ਮੌਕੇ
ਸਟਾਲ ਨਹੀਂ ਲਗਾਏ ਜਾ ਰਹੇ ਹਨ। ਕਿਸਾਨ ਵੀਰਾਂ ਨੂੰ ਬੇਨਤੀ ਹੈ ਕਿ
ਉਹ ਆਪਣਾ ਚੰਦਾ ਭਰ ਕੇ ਸਕੀਮ ਦਾ ਫਾਇਦਾ ਉਠਾਉਣ।

ਅਮਰੀਕੀ ਸਬਸਿਡੀ ਵਾਲੀ ਕਪਾਹ ਅੱਗੇ ਕਿਵੇਂ ਟਿਕੇਗਾ ਦੇਸੀ ਕਿਸਾਨ

5 ਸਾਲਾਂ ਵਿੱਚ ਪੰਜਾਬ ਵਿੱਚ ਨਰਮੇ ਦਾ ਉਤਪਾਦਨ 10.23 ਲੱਖ ਗੰਢਾਂ ਤੋਂ ਡਿੱਗ ਕੇ 4.11 ਲੱਖ 'ਤੇ ਸਿਮਟਿਆ

ਜਦੋਂ ਸਰਕਾਰਾਂ ਕਾਰਪੋਰੇਟ ਫਾਇਦਿਆਂ ਲਈ ਕੌਮਾਂਤਰੀ ਸਮਝੌਤੇ ਕਰਦੀਆਂ ਹਨ, ਤਾਂ ਉਸਦੀ ਸਭ ਤੋਂ ਵੱਡੀ ਕੀਮਤ ਕਿਸਾਨ ਨੂੰ ਚੁਕਾਉਣੀ ਪੈਂਦੀ ਹੈ। ਫਰਵਰੀ 2026 ਵਿੱਚ ਭਾਰਤ ਅਤੇ ਅਮਰੀਕਾ ਦਰਮਿਆਨ ਹੋਏ ਅੰਤਰਿਮ ਵਪਾਰ ਸਮਝੌਤੇ ਨੇ ਭਾਵੇਂ ਭਾਰਤੀ ਟੈਕਸਟਾਈਲ ਉਦਯੋਗ ਲਈ ਅਮਰੀਕੀ ਬਾਜ਼ਾਰ (18 ਫੀਸਦੀ ਟੈਰਿਫ ਕਟੌਤੀ ਦੇ ਨਾਲ) ਖੋਲ੍ਹ ਦਿੱਤੇ ਹਨ, ਪਰ ਇਸਦੀ ਕੀਮਤ ਪੰਜਾਬ ਦੇ ਨਰਮਾ ਕਿਸਾਨਾਂ ਨੂੰ ਆਪਣੀ ਬਰਬਾਦੀ ਨਾਲ ਚੁਕਾਉਣੀ ਪੈ ਰਹੀ ਹੈ। ਮੰਤਰਾਲੇ ਵੱਲੋਂ 19 ਦਸੰਬਰ, 2025 ਨੂੰ ਇੱਕ ਰਿਪੋਰਟ ਵਿੱਚ ਪੇਸ਼ ਕੀਤੇ ਗਏ ਸਰਕਾਰੀ ਅੰਕੜੇ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਪੰਜਾਬ ਵਿੱਚ ਨਰਮੇ ਦੀ ਖੇਤੀ ਪਹਿਲਾਂ ਹੀ ਆਖਰੀ ਸਾਹ ਲੈ ਰਹੀ ਹੈ। ਕੱਪੜਾ ਮੰਤਰਾਲੇ ਵੱਲੋਂ ਜਾਰੀ ਕੀਤੇ ਅੰਕੜਿਆਂ ਅਨੁਸਾਰ, ਪੰਜਾਬ ਵਿੱਚ ਨਰਮੇ ਦਾ ਉਤਪਾਦਨ ਪਿਛਲੇ ਪੰਜ ਸਾਲਾਂ ਵਿੱਚ ਬੁਰੀ ਤਰ੍ਹਾਂ ਡਿੱਗਿਆ ਹੈ। ਸਾਲ 2020-21 ਵਿੱਚ ਪੰਜਾਬ ਦਾ ਉਤਪਾਦਨ 10.23 ਲੱਖ ਗੰਢਾਂ ਸੀ, ਜੋ 2021-22 ਵਿੱਚ 6.46, 2022-23 ਵਿੱਚ 4.48, 2023-24 ਵਿੱਚ 6.29 ਅਤੇ 2024-25 ਵਿੱਚ ਸਿਮਟ ਕੇ ਸਿਰਫ 4.14 ਲੱਖ ਗੰਢਾਂ ਰਹਿ ਗਿਆ ਹੈ। ਪੂਰੇ ਦੇਸ਼ ਵਿੱਚ ਵੀ ਉਤਪਾਦਨ 352.48 ਲੱਖ ਗੰਢਾਂ ਤੋਂ ਘੱਟ ਕੇ 297.24 ਲੱਖ ਗੰਢਾਂ ਰਹਿ ਗਿਆ ਹੈ। ਇਸ ਤੋਂ ਵੀ ਵੱਧ ਹੈਰਾਨੀਜਨਕ ਅੰਕੜਾ ਅਮਰੀਕਾ ਨੂੰ ਹੋਣ ਵਾਲੇ ਸਿੱਧੇ ਨਿਰਯਾਤ ਦਾ ਹੈ। ਰਿਪੋਰਟ ਮੁਤਾਬਿਕ 2020-21 ਵਿੱਚ ਪੰਜਾਬ ਨੇ 6.83 ਲੱਖ ਰੁਪਏ ਦੀ ਕੀਮਤ ਦਾ 0.18 ਟਨ ਕਪਾਹ ਅਮਰੀਕਾ ਨੂੰ ਨਿਰਯਾਤ ਕੀਤਾ ਸੀ। ਪਰ 2024-25 ਵਿੱਚ ਇਹ ਅੰਕੜਾ ਡਿੱਗ ਕੇ 'ਜ਼ੀਰੋ' ਟਨ ਹੋ ਗਿਆ ਹੈ। ਕੁੱਲ ਭਾਰਤ ਦਾ ਅਮਰੀਕਾ ਨੂੰ ਨਿਰਯਾਤ ਵੀ 9.12 ਟਨ (35.92 ਲੱਖ ਰੁਪਏ) ਤੋਂ ਡਿੱਗ ਕੇ ਸਿਰਫ 0.74 ਟਨ (3.70 ਲੱਖ ਰੁਪਏ) ਰਹਿ ਗਿਆ ਹੈ। ਇਹ ਵੀ ਜਦੋਂ ਦੇਸ਼ ਦੇ 60 ਲੱਖ ਕਪਾਹ ਕਿਸਾਨਾਂ ਦਾ ਉਤਪਾਦਨ ਅਤੇ ਨਿਰਯਾਤ ਲਗਾਤਾਰ ਡਿੱਗ ਰਿਹਾ ਹੈ, ਤਾਂ ਅਜਿਹੇ ਸਮੇਂ ਵਿੱਚ



ਸਰਕਾਰ ਨੇ ਫਰਵਰੀ 2026 ਦੇ ਸਮਝੌਤੇ ਤਹਿਤ ਅਮਰੀਕੀ ਕਪਾਹ ਦੇ ਆਯਾਤ 'ਤੇ 10 ਫੀਸਦੀ ਡਿਊਟੀ ਛੋਟ ਦੇ ਦਿੱਤੀ ਹੈ। ਇਸ ਤੋਂ ਪਹਿਲਾਂ ਵੀ ਸਰਕਾਰ ਨੇ 19 ਅਗਸਤ 2025 ਤੋਂ 31 ਦਸੰਬਰ, 2025 ਤੱਕ ਕਪਾਹ ਦੇ ਆਧਾਰ ਤੋਂ 11 ਫੀਸਦੀ ਡਿਊਟੀ ਮੁਆਫ ਕੀਤੀ ਸੀ, ਤਾਂ ਜੋ ਟੈਕਸਟਾਈਲ ਸੈਕਟਰ ਨੂੰ ਸਸਤਾ ਮਾਲ ਮਿਲ ਸਕੇ। ਇਹ ਨੀਤੀਆਂ ਸਿੱਧੇ ਤੌਰ 'ਤੇ ਉਦਯੋਗਪਤੀਆਂ ਨੂੰ ਫਾਇਦਾ ਪਹੁੰਚਾਉਣ ਲਈ ਬਣਾਈਆਂ ਗਈਆਂ ਹਨ, ਜਦੋਂਕਿ ਵਿਧਾਨ ਸਭਾ ਵੱਲੋਂ ਪਾਸ ਕੀਤਾ ਗਿਆ ਨਿੰਦਾ ਮਤਾ ਇਸ ਗੱਲ ਦਾ ਸਬੂਤ ਹੈ ਕਿ ਸਬਸਿਡੀ ਵਾਲੀ ਸਸਤੀ ਅਮਰੀਕੀ ਕਪਾਹ ਭਾਰਤੀ ਬਾਜ਼ਾਰ ਨੂੰ ਤਬਾਹ ਕਰ ਦੇਵੇਗੀ। ਸਰਕਾਰ ਨੇ ਦਾਅਵਾ ਕੀਤਾ ਹੈ ਕਿ ਕਿਸਾਨਾਂ ਨੂੰ ਬਚਾਉਣ ਲਈ 2025-26 ਸੀਜ਼ਨ ਲਈ ਮੀਡੀਅਮ ਸਟੈਪਲ ਕਪਾਹ ਦਾ ਘੱਟੋ-ਘੱਟ ਸਮਰਥਨ ਮੁੱਲ 27,710 ਰੁਪਏ ਅਤੇ ਲੌਂਗ ਸਟੈਪਲ ਦਾ 28,110 ਰੁਪਏ ਪ੍ਰਤੀ ਕੁਇੰਟਲ ਤੈਅ ਕੀਤਾ ਗਿਆ ਹੈ। ਇਸ ਦੇ ਨਾਲ ਹੀ ਕਾਟਨ ਭਾਰਤੀ ਕਪਾਹ ਨਿਗਮ ਨੇ 11 ਦਸੰਬਰ, 2025 ਤੱਕ 11 ਰਾਜਾਂ ਦੇ 570 ਕੇਂਦਰਾਂ ਤੋਂ 13,492 ਕਰੋੜ ਰੁਪਏ ਦੀਆਂ 31.18 ਲੱਖ ਗੰਢਾਂ ਖਰੀਦੀਆਂ ਹਨ। ਪਰ ਪੰਜਾਬ ਦੇ ਕਿਸਾਨਾਂ ਦਾ ਸਵਾਲ ਇਹ ਹੈ ਕਿ ਜਦੋਂ ਪੈਦਾਵਾਰ ਹੀ ਅੱਧੀ ਰਹਿ ਗਈ ਹੈ ਅਤੇ ਵਿਦੇਸ਼ੀ ਕਪਾਹ ਦੇ ਆਉਣ ਨਾਲ ਦੇਸੀ ਨਰਮੇ ਦੀ ਮੰਗ ਘੱਟ ਰਹੀ ਹੈ, ਤਾਂ ਇਹ ਘੱਟੋ-ਘੱਟ ਸਮਰਥਨ ਮੁੱਲ ਕਿਸ ਕੰਮ ਦਾ, ਘਰੇਲੂ ਕੀਮਤਾਂ ਪਹਿਲਾਂ ਹੀ 51,500 ਤੋਂ 52,500 ਰੁਪਏ ਪ੍ਰਤੀ ਕੈਂਡੀ ਦੇ ਆਸ-ਪਾਸ ਸਿਮਟ ਗਈਆਂ ਹਨ। ਇਹ ਕਿ ਸਾਲ 2025 ਵਿੱਚ ਭਾਰਤ ਨੇ ਕੱਪੜਾ ਨਿਰਯਾਤ ਵਿੱਚ ਚੀਨ ਨੂੰ ਪਛਾੜ ਕੇ ਵੱਡਾ ਮੁਕਾਮ ਹਾਸਲ ਕੀਤਾ ਹੈ ਅਤੇ ਸਰਕਾਰ ਜਨਵਰੀ ਤੋਂ ਅਕਤੂਬਰ 2025 ਦਰਮਿਆਨ 31.31 ਬਿਲੀਅਨ ਡਾਲਰ ਦੇ ਨਿਰਯਾਤ 'ਤੇ ਮਾਣ ਕਰ ਰਹੀ ਹੈ, ਪਰ ਇਸ ਤਰੱਕੀ ਨਾਲ ਪੰਜਾਬ ਦੇ ਮਾਲਵਾ ਖੇਤਰ ਦੇ ਕਿਸਾਨਾਂ ਨੂੰ ਵੱਡਾ ਖਸਾਰਾ ਪੈ ਸਕਦਾ ਹੈ।

ਹਲਕੀ ਬਾਰਿਸ਼ ਕਣਕ ਦੀ ਫ਼ਸਲ 'ਤੇ ਤੇਲੇ ਦੇ ਹਮਲੇ ਨੂੰ ਰੋਕਣ ਵਿੱਚ ਹੋਵੇਗੀ ਸਹਾਈ



ਪਿਛਲੇ ਦਿਨੀਂ ਹੋਈ ਹਲਕੀ ਬਰਸਾਤ ਕਣਕ ਦੀ ਫ਼ਸਲ 'ਤੇ ਤੇਲੇ ਦੇ ਹਮਲੇ ਨੂੰ ਰੋਕਣ ਵਿੱਚ ਸਹਾਈ ਹੋਵੇਗੀ। ਇਸ ਤੋਂ ਇਲਾਵਾ ਇਹ ਬਰਸਾਤ ਸਬਜ਼ੀਆਂ, ਮੱਕੀ ਅਤੇ ਪਸ਼ੂਆਂ ਦੇ ਚਾਰੇ ਲਈ ਵੀ ਲਾਹੇਵੰਦ ਹੋਵੇਗੀ। ਕਿਸਾਨਾਂ ਦਾ ਕਹਿਣਾ ਹੈ ਕਿ ਹੋਈ ਹਲਕੀ ਬਰਸਾਤ ਕਣਕ ਦੀ ਫ਼ਸਲ ਤੋਂ ਤੇਲੇ ਦਾ ਹਮਲਾ ਰੋਕਣ ਵਿੱਚ ਸਹਾਈ ਹੋਵੇਗੀ।

ਉਨ੍ਹਾਂ ਦੱਸਿਆ ਕਿ ਇਕਦਮ ਵਧੇ ਤਾਪਮਾਨ ਕਾਰਨ ਕਣਕ ਦੀ ਫ਼ਸਲ 'ਤੇ ਤੇਲੇ ਨੇ ਹਮਲਾ ਕਰ ਦਿੱਤਾ ਸੀ, ਜਿਸ ਨੂੰ ਰੋਕਣ ਲਈ ਕਿਸਾਨ ਮਹਿੰਗੇ ਭਾਅ ਦੀਆਂ ਦਵਾਈਆਂ ਦਾ ਛਿੜਕਾਅ ਕਰਨ ਲਈ ਮਜ਼ਬੂਰ ਸਨ। ਇਸ ਕਾਰਨ ਕਣਕ ਦੇ ਝਾੜ ਦੇ ਘਟਣ ਦੇ ਆਸਾਰ ਬਣ ਗਏ ਸਨ, ਪਰ ਇਲਾਕੇ ਵਿੱਚ ਹੋਈ ਹਲਕੀ ਬਰਸਾਤ ਨੇ ਕਣਕ ਦੀ ਫ਼ਸਲ ਤੋਂ ਤੇਲਾ ਝਾੜ ਦਿੱਤਾ ਹੈ, ਜੋ ਕਿ ਕਣਕ ਦੇ ਵਧੀਆ ਝਾੜ ਹੋਣ ਦੇ ਆਸਾਰ ਬਣ ਗਏ ਹਨ।

ਇਸ ਤੋਂ ਇਲਾਵਾ ਇਹ ਬਰਸਾਤ ਖਰਬੂਜ਼ਾ, ਤਰਬੂਜ਼, ਪੀਆ, ਕਰੇਲਾ, ਕੱਕੜੀ, ਮਿਰਚਾਂ, ਗੋਭੀ, ਪਿਆਜ਼, ਬੈਂਗਣ ਅਤੇ ਹੋਰ ਸਬਜ਼ੀਆਂ ਲਈ ਵੀ ਲਾਭਦਾਇਕ ਸਾਬਤ ਹੋਵੇਗੀ। ਕਿਸਾਨਾਂ ਨੇ ਕਿਹਾ ਕਿ ਇਹ ਬਰਸਾਤ ਕਾਰਨ ਇਕਦਮ ਵਧੇ ਹੋਏ ਤਾਪਮਾਨ ਨੂੰ ਘਟਾ ਦਿੱਤਾ ਹੈ।

ਖੇਤੀ ਵਿਭਿੰਨਤਾ ਅਪਣਾਓ, ਵਡਮੁੱਲਾ ਵਾਤਾਵਰਣ ਬਚਾਓ

ਪੀ.ਏ.ਯੂ. ਦੇ ਕਿਸਾਨ ਮੇਲਿਆਂ ਦੀ ਸ਼ਾਨ ਵੱਖਰੀ

ਗੁਰਉਪਦੇਸ਼ ਕੌਰ ਅਤੇ ਹਰਦੀਪ ਸਿੰਘ ਸਭਿਖੀ,
ਕ੍ਰਿਸ਼ੀ ਵਿਗਿਆਨ ਕੇਂਦਰ, ਪਟਿਆਲਾ
ਮੋਬਾਇਲ : 76968-09999



ਪੰਜਾਬ ਖੇਤੀਬਾੜੀ ਯੂਨੀਵਰਸਿਟੀ ਭਾਰਤ ਦੀ ਪਹਿਲੀ ਖੇਤੀਬਾੜੀ ਯੂਨੀਵਰਸਿਟੀ ਹੈ, ਜਿਸ ਨੇ 1967 ਵਿੱਚ ਕਿਸਾਨ ਮੇਲੇ ਆਰੰਭ ਕੀਤੇ ਅਤੇ ਉਸ ਸਮੇਂ ਤੋਂ ਇਹ ਲਗਾਤਾਰ ਲੱਗ ਰਹੇ ਹਨ। ਕਿਸਾਨਾਂ ਦੇ ਉਤਸ਼ਾਹ ਨੂੰ ਦੇਖਦੇ ਹੋਏ ਲੁਧਿਆਣਾ ਤੋਂ ਬਿਨਾਂ ਯੂਨੀਵਰਸਿਟੀ ਵੱਲੋਂ ਇਹ ਮੇਲੇ ਹੁਣ ਗੁਰਦਾਸਪੁਰ, ਬੱਲੋਵਾਲ-ਸੋਖੜੀ, ਬਠਿੰਡਾ, ਪਟਿਆਲਾ, ਕਪੂਰਥਲਾ ਅਤੇ ਅੰਮ੍ਰਿਤਸਰ ਵਿੱਚ ਇਨ੍ਹਾਂ ਖੇਤਰਾਂ ਦੀਆਂ ਸਮੱਸਿਆਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਾਉਣੀ ਅਤੇ ਹਾੜੀ ਦੌਰਾਨ ਦੋ ਵਾਰ ਲਗਾਏ ਜਾਂਦੇ ਹਨ। ਪੰਜਾਬ ਅਤੇ ਦੂਜੇ ਸੂਬਿਆਂ ਵਿੱਚੋਂ ਲੱਖਾਂ ਦੀ ਗਿਣਤੀ ਵਿੱਚ ਕਿਸਾਨ, ਕਿਸਾਨ ਬੀਬੀਆਂ ਅਤੇ ਵਿਦਿਆਰਥੀ ਵੀ ਕਿਸਾਨ ਮੇਲਿਆਂ ਵਿੱਚ ਉਤਸ਼ਾਹ ਨਾਲ ਆਉਂਦੇ ਹਨ ਅਤੇ ਉਹ ਇੱਥੋਂ ਕਿਸਮਾਂ ਦੇ ਬੀਜ, ਫ਼ਸਲ ਉਤਪਾਦਨ, ਪਦ ਸੁਰੱਖਿਆ ਤਕਨੀਕਾਂ ਅਤੇ ਖੇਤੀ ਮਸ਼ੀਨਰੀ ਆਦਿ ਦੀ ਜਾਣਕਾਰੀ ਲੈਣ ਲਈ ਇਨ੍ਹਾਂ ਮੇਲਿਆਂ ਵਿੱਚ ਹੁਮ-ਹੁਮਾ ਕੇ ਪਹੁੰਚਦੇ ਹਨ। ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਅਤੇ ਉਦਯੋਗਿਕ ਅਦਾਰਿਆਂ ਵੱਲੋਂ ਇੱਕ ਵੱਡੀ ਪ੍ਰਦਰਸ਼ਨੀ ਵੀ ਲਗਾਈ ਜਾਂਦੀ ਹੈ। ਯੂਨੀਵਰਸਿਟੀ ਦੇ ਮਾਹਿਰਾਂ ਵੱਲੋਂ ਘੱਟ ਜ਼ਮੀਨ ਵਾਲੇ ਕਿਸਾਨਾਂ ਲਈ ਉਨ੍ਹਾਂ ਦੀ ਆਮਦਨ ਵਧਾਉਣ ਵਾਸਤੇ ਵੱਖ-ਵੱਖ ਸਹਾਇਕ ਧੰਦਿਆਂ ਬਾਰੇ ਵਿਚਾਰ-ਵਟਾਂਦਰਾ ਕੀਤਾ ਜਾਂਦਾ ਹੈ। ਇਸ ਦੌਰਾਨ ਕਿਸਾਨਾਂ ਦੇ ਖੇਤੀਬਾੜੀ ਸੰਬੰਧੀ ਸਵਾਲਾਂ ਲਈ ਵਿਸ਼ੇਸ਼ ਸਮਾਂ ਦਿੱਤਾ ਜਾਂਦਾ ਹੈ ਅਤੇ ਸੰਬੰਧਿਤ ਮਾਹਿਰ ਵਿਸਥਾਰਪੂਰਵਕ ਜਾਣਕਾਰੀ ਨਾਲ ਜਵਾਬ ਦਿੰਦੇ ਹਨ। ਪਹਿਲਾਂ ਕੁਝ ਸਾਲਾਂ ਤੱਕ ਇਹ ਪ੍ਰੋਗਰਾਮ ਆਲ ਇੰਡੀਆ ਰੇਡੀਓ ਜਲੰਧਰ ਤੋਂ ਪ੍ਰਸਾਰਿਤ ਕੀਤਾ ਜਾਂਦਾ ਸੀ, ਹੁਣ ਸਤੰਬਰ 2013 ਤੋਂ ਦੂਰਦਰਸ਼ਨ ਜਲੰਧਰ ਰਾਹੀਂ ਲੁਧਿਆਣਾ ਵਾਲੇ ਮੇਲੇ ਦਾ ਸਿੱਧਾ ਪ੍ਰਸਾਰਣ ਕੀਤਾ ਜਾਂਦਾ ਹੈ ਤਾਂ ਜੋ ਕਿਸਾਨ ਜੋ ਮੇਲੇ ਵਿੱਚ ਨਹੀਂ ਆ ਸਕਦੇ, ਉਹ ਘਰ ਬੈਠੇ ਟੀ.ਵੀ. 'ਤੇ ਦੇਖ ਸਕਣ।

ਪੀ. ਏ. ਯੂ. ਦੇਸ਼ ਦੀ ਇੱਕ ਅਜਿਹੀ ਖੋਜ ਸੰਸਥਾ ਹੈ ਜਿਸ ਨੇ 1967 ਵਿੱਚ ਕਿਸਾਨ ਮੇਲੇ ਆਯੋਜਿਤ ਕਰਨ ਦੀ ਸ਼ੁਰੂਆਤ ਕੀਤੀ ਵੱਖ-ਵੱਖ ਮੌਕਿਆਂ ਦੌਰਾਨ ਕਿਸਾਨਾਂ ਵੱਲੋਂ ਦਿੱਤੇ ਗਏ ਸੁਝਾਅ ਖੇਤੀ ਵਿਗਿਆਨੀਆਂ ਨੂੰ ਆਪਣੀਆਂ ਖੋਜਾਂ ਅਤੇ ਤਕਨੀਕੀ ਜਾਣਕਾਰੀ ਨੂੰ ਵੱਧ ਤੋਂ ਵੱਧ ਫੈਲਾਉਣ ਦੇ ਢੰਗ ਨਵੇਂ ਸਿਰੇ ਤੋਂ ਸੋਚਣ ਲਈ ਸਹਾਇਕ ਹੋਂਦ ਹਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਥਾਪਿਤ ਕੀਤੇ ਖੇਤਰੀ ਖੋਜ ਕੇਂਦਰ, ਕ੍ਰਿਸ਼ੀ ਵਿਗਿਆਨ ਕੇਂਦਰ ਅਤੇ ਫਾਰਮ ਅਡਵਾਇਜ਼ਰੀ ਸਰਵਿਸ ਸਕੀਮ ਤੋਂ ਕਿਸਾਨ ਭਰਾ ਖੇਤੀ ਵਿੱਚ ਕੀਤੀਆਂ ਨਵੀਆਂ ਖੋਜਾਂ ਅਤੇ ਫ਼ਸਲਾਂ ਦੀਆਂ ਨਵੀਆਂ ਅਤੇ ਸੁਧਰੀਆਂ ਕਿਸਮਾਂ ਬਾਰੇ ਵੱਡੀ ਜਾਣਕਾਰੀ ਹਾਸਲ ਕਰ ਸਕਦੇ ਹਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗ ਖੇਤੀ ਸੰਬੰਧੀ ਨਵੀਨਤਮ ਜਾਣਕਾਰੀ ਦੇਣ ਅਤੇ ਕਿਸਾਨਾਂ ਦੀਆਂ ਸਮੱਸਿਆਵਾਂ ਨੂੰ ਬੜੀ ਹੀ ਬਾਰੀਕੀ ਨਾਲ ਹੱਲ ਕਰਨ ਲਈ ਵਚਨਬੱਧ ਹਨ। ਆਉਣ ਵਾਲੇ ਭਵਿੱਖ ਵਿੱਚ ਖੇਤੀ ਸਿਰਫ਼ ਤਕਨੀਕੀ ਜਾਣਕਾਰੀ ਨਾਲ ਹੀ ਸੰਭਵ ਹੈ, ਇਸ ਲਈ ਤੁਹਾਨੂੰ ਆਧੁਨਿਕ ਜਾਣਕਰੀ ਹੋਣੀ ਲਾਜ਼ਮੀ ਹੈ। ਇਸ ਜਾਣਕਾਰੀ ਦਾ ਖਜ਼ਾਨਾ ਹਨ ਪੀ. ਏ. ਯੂ. ਦੇ ਵੱਖ-ਵੱਖ ਕਿਸਾਨ ਮੇਲੇ ਮੇਲਿਆਂ ਦੌਰਾਨ ਤਕਨੀਕੀ ਜਾਣਕਾਰੀ ਤੋਂ ਇਲਾਵਾ ਸੁਧਰੀਆਂ ਕਿਸਮਾਂ ਦੇ ਬੀਜ ਵੀ ਮੁਹੱਈਆ ਕਰਵਾਏ ਜਾਂਦੇ ਹਨ।

ਪੰਜਾਬ ਅਤੇ ਦੂਜੇ ਸੂਬਿਆਂ ਵਿੱਚੋਂ ਲੱਖਾਂ ਦੀ ਗਿਣਤੀ ਵਿੱਚ ਕਿਸਾਨ, ਕਿਸਾਨ ਬੀਬੀਆਂ ਅਤੇ ਵਿਦਿਆਰਥੀ ਵੀ ਕਿਸਾਨ ਮੇਲਿਆਂ ਵਿੱਚ ਉਤਸ਼ਾਹ ਨਾਲ ਆਉਂਦੇ ਹਨ ਅਤੇ ਉਹ ਇੱਥੋਂ ਕਿਸਮਾਂ ਦੇ ਬੀਜ, ਫ਼ਸਲ ਉਤਪਾਦਨ, ਪਦ ਸੁਰੱਖਿਆ ਤਕਨੀਕਾਂ ਅਤੇ ਖੇਤੀ ਮਸ਼ੀਨਰੀ ਆਦਿ ਦੀ ਜਾਣਕਾਰੀ ਲੈਣ ਲਈ ਇਨ੍ਹਾਂ ਮੇਲਿਆਂ ਵਿੱਚ ਹੁਮ-ਹੁਮਾ ਕੇ ਪਹੁੰਚਦੇ ਹਨ। ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਅਤੇ ਉਦਯੋਗਿਕ ਅਦਾਰਿਆਂ ਵੱਲੋਂ ਇੱਕ ਵੱਡੀ ਪ੍ਰਦਰਸ਼ਨੀ ਵੀ ਲਗਾਈ ਜਾਂਦੀ ਹੈ। ਯੂਨੀਵਰਸਿਟੀ ਦੇ ਮਾਹਿਰਾਂ ਵੱਲੋਂ ਘੱਟ ਜ਼ਮੀਨ ਵਾਲੇ ਕਿਸਾਨਾਂ ਲਈ ਉਨ੍ਹਾਂ ਦੀ ਆਮਦਨ ਵਧਾਉਣ ਵਾਸਤੇ ਵੱਖ-ਵੱਖ ਸਹਾਇਕ ਧੰਦਿਆਂ ਬਾਰੇ ਵਿਚਾਰ-ਵਟਾਂਦਰਾ ਕੀਤਾ ਜਾਂਦਾ ਹੈ।



ਆਲੂਆਂ ਨੂੰ ਧੱਫੜੀ ਰੋਗ ਤੋਂ ਬਚਾਉਣ ਦੇ ਢੰਗ

ਅਮਰਜੀਤ ਸਿੰਘ, ਯੈਸਮੀਨ ਕੌਰ ਅਤੇ ਮਨਦੀਪ ਹੁੰਜਨ,
ਪੌਦਾ ਰੋਗ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 94637-47280)

ਧੱਫੜੀ ਰੋਗ ਦਾ ਜੀਵਨ ਚੱਕਰ : ਆਲੂਆਂ ਦਾ ਧੱਫੜੀ ਰੋਗ ਮੁੱਖ ਤੌਰ ਤੇ ਬੀਜ ਤੋਂ ਲੱਗਣ ਵਾਲਾ ਰੋਗ ਹੈ ਜੋ ਸਟ੍ਰੈਪਟੋਮਾਈਸਿਸ ਸਕੈਬੀਸ ਨਾਂ ਦੇਬੈਕਟੀਰੀਆ ਕਾਰਨ ਲੱਗਦਾ ਹੈ। ਇਸ ਦੇ ਜਰਸੀਮ ਰੋਗ-ਗ੍ਰਸਤ ਜ਼ਮੀਨ ਵਿੱਚੋਂ ਪੈਦਾ ਹੋਏ ਬੀਜ ਵਾਲੇ ਆਲੂਆਂ ਦੀ ਬਿਜਾਈ ਸਿਹਤਮੰਦ ਜ਼ਮੀਨਾਂ ਵਿੱਚ ਕਰਨ ਦੌਰਾਨ ਫੈਲ ਜਾਂਦੇ ਹਨ ਅਤੇ ਫਿਰ ਕਈ ਸਾਲਾਂ ਤੱਕ ਅਜਿਹੀ ਜ਼ਮੀਨ ਵਿੱਚ ਜ਼ਿਉਂਦੇ ਰਹਿੰਦੇ ਹਨ। ਇਸ ਲਈ ਕਿਸਾਨ ਵੀਰਾਂ ਦੀ ਜਾਣਕਾਰੀ ਲਈ ਇਹ ਦੱਸਣਾ ਬੜਾ ਜ਼ਰੂਰੀ ਹੈ ਕਿ ਜੇਕਰ ਇਸ ਰੋਗ ਤੋਂ ਪ੍ਰਭਾਵਿਤ ਬੀਜ ਵਾਲੇ ਆਲੂ ਖੇਤ ਵਿੱਚ ਲਗਾ ਲਏ ਜਾਣ ਤਾਂ ਬਾਅਦ ਵਿੱਚ ਇਸ ਰੋਗ ਦੀ ਲਾਗ ਲਗਾਉਣ ਵਾਲੇ ਬੈਕਟੀਰੀਆ ਦੇ ਜ਼ਰਸੀਮ ਉਸ ਖੇਤ ਵਿੱਚ ਘਰ ਕਰ ਲੈਣਗੇ ਜਿਸ ਕਰਕੇ ਇਹ ਰੋਗ ਖੇਤ ਵਿੱਚ ਹਰ ਸਾਲ ਆਲੂਆਂ ਦੀ ਫ਼ਸਲ ਤੇ ਦਿਖਾਈ ਦਿੰਦਾ ਰਹੇਗਾ। ਇਸ ਲਈ ਜੇਕਰ ਇਸ ਰੋਗ ਦੀ ਰੋਕਥਾਮ ਦਾ ਸਮੇਂ ਸਿਰ ਪ੍ਰਬੰਧ ਨਾ ਕੀਤਾ ਜਾਵੇ ਤਾਂ ਆਲੂਆਂ ਦੀ ਫ਼ਸਲ ਤੇ ਇਸ ਦਾ ਹਮਲਾ ਸਾਲ ਦਰ ਸਾਲ ਵਧਦਾ ਰਹੇਗਾ ਜਿਸ ਨਾਲ ਆਰਥਿਕ ਨੁਕਸਾਨ ਵਿੱਚ ਵਾਧਾ ਹੋ ਜਾਵੇਗਾ। ਇਸ ਰੋਗ ਤੋਂ ਹੋਣ ਵਾਲੇ ਨੁਕਸਾਨ ਨੂੰ ਘਟਾਉਣ ਲਈ ਬੀਜ ਦੀ ਸਿਹਤ ਅਤੇ ਖੇਤ ਦੀ ਸਫ਼ਾਈ ਵੱਲ ਧਿਆਨ ਦੇਣਾ ਜ਼ਰੂਰੀ ਹੋ ਜਾਂਦਾ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਪੌਦਾ ਰੋਗ ਵਿਭਾਗ ਦੇ ਵਿਗਿਆਨੀਆਂ ਵੱਲੋਂ ਕੀਤੇ ਗਏ ਤਜ਼ਰਬਿਆਂ ਨੇ ਸਿੱਧ ਕੀਤਾ ਹੈ ਕਿ ਧੱਫੜੀ ਰੋਗ ਨਾਲ ਪ੍ਰਭਾਵਿਤ ਖੇਤਾਂ ਵਿੱਚ ਆਲੂਆਂ ਤੋਂ ਬਾਅਦ ਬਸੰਤ ਰੁੱਤ ਦੀ ਮੱਕੀ ਲਗਾਉਣ ਨਾਲ ਅਗਲੇ ਸਾਲ ਆਲੂਆਂ ਦੀ ਫ਼ਸਲ ਤੇ ਧੱਫੜੀ ਰੋਗ ਦੀ ਤੀਬਰਤਾ ਜ਼ਿਆਦਾ ਪਾਈ ਗਈ ਸੀ। ਇਸ ਲਈ ਅਜਿਹੇ ਖੇਤਾਂ ਵਿੱਚ ਬਸੰਤ ਰੁੱਤ ਦੀ ਮੱਕੀ ਲਗਾਉਣ ਤੋਂ ਸੰਕੋਚ ਕਰੋ।



ਧੱਫੜੀ ਰੋਗ ਦੀ ਪਛਾਣ ਕਿਵੇਂ ਕਰੀਏ : ਧੱਫੜੀ ਰੋਗ ਦੇ ਸ਼ੁਰੂਆਤੀ ਹਮਲੇ ਨਾਲ ਆਲੂ ਦੀ ਸਤ੍ਹਾ ਤੋਂ ਛੋਟੇ ਧੱਬੇ ਦਿਖਾਈ ਦਿੰਦੇ ਹਨ ਜੋ ਬਾਅਦ ਵਿੱਚ 5-8 ਮਿ.ਮੀ. ਚੌੜੇ, ਭੂਰੇ, ਖੁਰਦਰੇ ਅਤੇ ਡੂੰਘੇ ਹੋ ਜਾਂਦੇ ਹਨ। ਇਹ ਧੱਬੇ ਕਈ ਵਾਰ ਆਲੂਆਂ ਦੀ ਉੱਪਰਲੀ ਸਤਹਿ ਤੱਕ ਸੀਮਿਤ ਹੁੰਦੇ ਹਨ ਜਾਂ ਫਿਰ ਥੋੜ੍ਹੇ ਡੂੰਘੇ ਹੋ ਸਕਦੇ ਹਨ। ਬਾਅਦ ਵਿੱਚ ਇਹ ਇੱਕ-ਦੂਜੇ ਨਾਲ ਜੁੜ ਕੇ ਵੱਡੇ ਅਤੇ ਅਨਿਯਮਿਤ ਆਕਾਰ ਦੇ ਬੇਢੱਬੇ ਧੱਬਿਆਂ ਵਿੱਚ ਤਬਦੀਲ ਹੋ ਜਾਂਦੇ ਹਨ ਜਿਸ ਨਾਲ ਆਲੂਆਂ ਦੀ ਦਿੱਖ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਜਾਂਦੀ ਹੈ। ਵੇਖਣ ਵਿੱਚ ਆਇਆ ਹੈ ਕਿ ਬੀਜ ਵਜੋਂ ਵਰਤੇ ਜਾਣ ਵਾਲੇ ਅਜਿਹੇ ਰੋਗੀ ਆਲੂ ਘੱਟ ਪੁੰਗਰਦੇ ਹਨ। ਪੁਟਾਈ ਤੋਂ ਬਾਅਦ ਕਿਸਾਨਾਂ ਨੂੰ ਅਜਿਹੇ ਆਲੂਆਂ ਦੀ ਧਿਆਨ ਨਾਲ ਜਾਂਚ ਕਰਨੀ ਚਾਹੀਦੀ ਹੈ। ਇਹ ਰੋਗ ਦੀ ਲਾਗ ਦੇ ਜਰਸੀਮ ਮਿੱਟੀ ਵਿੱਚ ਕਈ ਸਾਲਾਂ ਤੱਕ ਜਿਉਂਦੇ ਰਹਿੰਦੇ ਹਨ। ਖਾਸ ਕਰਕੇ ਖੁਸ਼ਕ ਜ਼ਮੀਨਾਂ ਵਿੱਚ ਇਸ ਰੋਗ ਦਾ ਹਮਲਾ ਜ਼ਿਆਦਾ ਪਾਇਆ ਜਾਂਦਾ ਹੈ ਕਿਉਂਕਿ ਅਜਿਹੀਆਂ ਜ਼ਮੀਨਾਂ ਵਿੱਚ ਨਮੀ ਦੀ ਘਾਟ ਹੋ ਜਾਂਦੀ ਹੈ ਜੋ ਇਸ ਦੇ ਜਰਸੀਮਾਂ ਦੇ ਵਾਧੇ ਲਈ ਸਹਾਈ ਹੁੰਦੀ ਹੈ। ਇੱਕੋ ਖੇਤ ਵਿੱਚ ਲਗਾਤਾਰ ਆਲੂ ਦੀ ਕਾਸ਼ਤ ਕਰਨ ਨਾਲ ਧੱਫੜੀ ਰੋਗ ਦੇ ਜਰਸੀਮਾਂ ਵਿੱਚ ਵਾਧਾ ਹੁੰਦਾ ਰਹਿੰਦਾ ਹੈ ਜਿਸ ਕਰਕੇ ਅਜਿਹੇ ਖੇਤਾਂ ਵਿੱਚ ਆਲੂਆਂ ਤੇ ਧੱਫੜੀ ਦੀ ਤੀਬਰਤਾ ਹਰ ਸਾਲ ਵੱਧਦੀ ਜਾਂਦੀ ਹੈ।

ਧੱਫੜੀ ਰੋਗ ਦੀ ਰੋਕਥਾਮ ਦੇ ਢੰਗ : ਆਲੂਆਂ ਵਿੱਚ ਧੱਫੜੀ ਰੋਗ ਦੀ ਰੋਕਥਾਮ ਕਰਨ ਲਈ ਸਿਹਤਮੰਦ ਅਤੇ ਰੋਗ ਰਹਿਤ ਬੀਜ ਵਾਲੇ ਆਲੂਆਂ ਦੀ ਵਰਤੋਂ ਕਰਨਾ ਸਭ ਤੋਂ ਮਹੱਤਵਪੂਰਨ ਅਤੇ ਪ੍ਰਭਾਵਸ਼ਾਲੀ ਢੰਗ ਹੈ। ਬੀਜ ਵਾਲੇ ਆਲੂਆਂ ਨੂੰ ਕੋਲਡ ਸਟੋਰਾਂ ਵਿੱਚ ਰੱਖਣ ਤੋਂ ਪਹਿਲਾਂ ਅਤੇ ਗ੍ਰੇਡਿੰਗ ਕਰਨ ਦੌਰਾਨ ਧੱਫੜੀ ਨਾਲ ਪ੍ਰਭਾਵਿਤ ਆਲੂਆਂ ਨੂੰ ਛਾਂਟ ਕੇ ਵੱਖ ਕਰ ਲੈਣਾ ਚਾਹੀਦਾ ਹੈ। ਭੁੱਲ ਕੇ ਵੀ ਬੀਜ ਵਾਲੇ ਰੋਗੀ ਆਲੂਆਂ ਨੂੰ ਗੁਦਾਮਾਂ ਜਾਂ ਕੋਲਡ ਸਟੋਰਾਂ ਵਿੱਚ ਛਾਂਟੀ ਕਰਨ ਤੋਂ ਬਿਨਾਂ ਨਹੀਂ ਸੰਭਾਲਣਾ ਚਾਹੀਦਾ ਕਿਉਂਕਿ ਧੱਫੜੀ ਰੋਗ ਅਜਿਹੇ ਬੀਜ ਵਾਲੇ ਰੋਗੀ ਆਲੂਆਂ ਰਾਹੀਂ ਹੀ ਅੱਗੇ ਫੈਲਦਾ ਹੈ। ਇਹ ਰੋਗ ਖੁਸ਼ਕ ਜ਼ਮੀਨਾਂ ਵਿੱਚ ਜ਼ਿਆਦਾ ਪਾਇਆ ਜਾਂਦਾ ਹੈ ਇਸ ਲਈ ਖੇਤ ਵਿੱਚ ਨਮੀ ਦਾ ਸਹੀ ਪ੍ਰਬੰਧ ਕਰਨਾ ਵੀ ਬਹੁਤ ਜ਼ਰੂਰੀ ਹੈ। ਆਲੂਆਂ ਦੀ ਬਿਜਾਈ ਤੋਂ ਲੈ ਕੇ ਪੱਕਣ ਤੱਕ, ਫ਼ਸਲ ਨੂੰ ਸੋਕਾ ਨਾ ਲੱਗਣ ਦਿਓ। ਅਜਿਹਾ ਕਰਨ ਲਈ ਆਲੂਆਂ ਦੀ ਫ਼ਸਲ ਨੂੰ ਹਲਕੀ ਅਤੇ ਸਮੇਂ ਸਿਰ ਸਿੰਚਾਈ ਕਰੋ ਤਾਂ ਜੋ ਮਿੱਟੀ ਵਿਚਲੀ ਲੋੜੀਂਦੀ ਨਮੀ ਬਰਕਰਾਰ ਰੱਖੀ ਜਾ ਸਕੇ। ਇਸ ਤਰ੍ਹਾਂ ਕਰਨ ਨਾਲ ਧੱਫੜੀ ਰੋਗ ਦੀ ਗੰਭੀਰਤਾ ਨੂੰ ਘਟਾਇਆ ਜਾ ਸਕਦਾ ਹੈ। ਧੱਫੜੀ ਰੋਗ ਨਾਲ ਪ੍ਰਭਾਵਿਤ ਖੇਤਾਂ ਵਿੱਚ ਆਲੂ ਦੀ ਪੁਟਾਈ ਤੋਂ ਬਾਅਦ, ਮੂੰਗੀ ਜਾਂ ਸੰਨਹੈਂਪ ਦੀ ਹਰੀ ਖਾਦ ਕਰਨ ਨਾਲ ਆਲੂਆਂ ਦੀ ਧੱਫੜੀ ਦੀ ਤੀਬਰਤਾ ਨੂੰ ਘਟਾਇਆ ਜਾ ਸਕਦਾ ਹੈ। ਇਸ ਤੋਂ ਇਲਾਵਾ, ਆਲੂ ਉਤਪਾਦਕਾਂ ਨੂੰ ਫ਼ਸਲੀ ਚੱਕਰ ਅਪਣਾਉਣ ਅਤੇ ਇੱਕੋ ਖੇਤ ਵਿੱਚ ਬਾਰ-ਬਾਰ ਆਲੂ ਉਗਾਉਣ ਤੋਂ ਗੁਰੇਜ਼ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਅਜਿਹੇ ਢੰਗ ਤਰੀਕੇ ਅਪਨਾ ਕੇ ਅਸੀਂ ਧੱਫੜੀ ਰੋਗ ਦੇ ਜੀਵਨ ਚੱਕਰ ਨੂੰ ਪ੍ਰਭਾਵਿਤ ਕਰ ਸਕਦੇ ਹਾਂ ਅਤੇ ਆਪਣੀ ਜ਼ਮੀਨ ਦੀ ਸਿਹਤ ਨੂੰ ਬਿਹਤਰ ਬਣਾ ਸਕਦੇ ਹਾਂ।

ਧੱਫੜੀ ਰੋਗ ਨਾਲ ਪ੍ਰਭਾਵਿਤ ਆਲੂਆਂ ਦੀ ਫ਼ਸਲ ਦੇ ਝਾੜ ਦਾ ਨੁਕਸਾਨ ਤਾਂ ਭਾਵੇਂ ਜ਼ਿਆਦਾ ਨਹੀਂ ਹੁੰਦਾ ਪਰ, ਇਹ ਸਿੱਧੇ ਤੌਰ ਤੇ ਆਲੂਆਂ ਦੀ ਗੁਣਵੱਤਾ ਅਤੇ ਬਾਜ਼ਾਰੀ ਮੁੱਲ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦਾ ਹੈ ਜਿਸ ਕਰਕੇ ਆਲੂ ਉਤਪਾਦਕਾਂ ਦਾ ਆਰਥਿਕ ਨੁਕਸਾਨ ਹੋ ਜਾਂਦਾ ਹੈ। ਇਸ ਲਈ ਕਿਸਾਨ ਵੀਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਧਿਆਨ ਨਾਲ ਆਲੂਆਂ ਦੇ ਬੀਜ ਦੀ ਚੋਣ ਕਰਕੇ ਹੀ ਉਨ੍ਹਾਂ ਨੂੰ ਠੰਡੇ ਗੋਦਾਮਾਂ ਵਿੱਚ ਰੱਖਣ ਦਾ ਪ੍ਰਬੰਧ ਕਰਨ। ਖੁਸ਼ਕ ਜ਼ਮੀਨਾਂ ਵਿੱਚ ਚੁੱਕਵੀਂ ਨਮੀ ਨੂੰ ਬਰਕਰਾਰ ਰੱਖ ਕੇ, ਖੇਤ ਵਿੱਚ ਹਰੀ ਖਾਦ ਕਰਕੇ ਅਤੇ ਫ਼ਸਲੀ ਚੱਕਰ ਵਰਗੇ ਢੰਗ ਅਪਨਾ ਕੇ ਧੱਫੜੀ ਰੋਗ ਤੋਂ ਹੋਣ ਵਾਲੇ ਆਲੂਆਂ ਦੇ ਨੁਕਸਾਨ ਨੂੰ ਘਟਾਇਆ ਜਾ ਸਕਦਾ ਹੈ।

ਮਾਰਚ ਮਹੀਨੇ ਦਾ ਕਿਸਾਨ ਮੇਲਾ



ਪੰਜਾਬ ਅਤੇ ਪੰਜਾਬੀਆਂ ਨੇ ਬੇਸ਼ੱਕ ਲੱਖਾਂ ਮੁਸੀਬਤਾਂ ਆਪਣੇ ਪਿੰਡੇ 'ਤੇ ਹੰਢਾਈਆਂ ਹਨ, ਪਰ ਫਿਰ ਵੀ ਖੁਸ਼ਦਿਲੀ ਤੇ ਮਿਹਨਤ ਦੀ ਤਾਸੀਰ ਪੰਜਾਬੀਆਂ ਨੂੰ ਚੜ੍ਹਦੀ ਕਲਾ ਵਿੱਚ ਰੱਖਦੀ ਹੈ । ਪੰਜਾਬ ਸੂਬਾ ਧਰਤੀ ਦਾ ਉਹ ਜਰਖੇਜ਼ ਖਿੱਤਾ ਹੈ, ਜਿਸ ਦੇ ਆਬੋ-ਹਵਾ ਵਿੱਚ ਹੀ ਇੰਨੀ ਤਾਕਤ ਹੈ ਕਿ ਇਸ 'ਤੇ ਵੱਸਣ ਵਾਲੇ ਪੰਜਾਬੀ ਸੁਭਾਅ ਪੱਖੋਂ ਖੁਸ਼ਦਿਲ, ਫਿਤਰਤ ਪੱਖੋਂ ਮਿਹਨਤੀ ਅਤੇ ਜੁੱਸੇ ਪੱਖੋਂ ਸਡੌਲ ਅਤੇ ਅਗਾਂਹਵਧੂ



ਡਾ. ਕਮਲਪ੍ਰੀਤ ਕੌਰ,
ਪਸਾਰ ਸਿੱਖਿਆ ਵਿਭਾਗ,
ਪੀ. ਏ. ਯੂ., ਲੁਧਿਆਣਾ

ਸੋਚ ਰੱਖਣ ਵਾਲੇ ਹੁੰਦੇ ਹਨ । ਪੰਜਾਬੀ ਮੁੱਢ ਤੋਂ ਹੀ ਮੇਲਿਆਂ ਦੇ ਸ਼ੌਕੀਨ ਰਹੇ ਹਨ । ਕਿਸਾਨ ਦੀ ਫ਼ਸਲ ਜਦ ਸੁੱਖੀ-ਸਾਂਦੀ ਸਿਰੇ ਚੜ੍ਹ ਜਾਂਦੀ ਹੈ ਤਾਂ ਕਿਸਾਨ ਦੇ ਚਿਹਰੇ 'ਤੇ ਇੱਕ ਵੱਖਰੀ ਹੀ ਖੁਸ਼ੀ ਹੁੰਦੀ ਹੈ, ਇੱਕ ਵੱਖਰਾ ਚਾਅ-ਮਲਾਰ ਹੁੰਦਾ ਹੈ । ਜਿਹੜਾ ਤਿਲ-ਫੁੱਲ ਉਹ ਫ਼ਸਲ ਵਿੱਚੋਂ ਕਮਾਉਂਦਾ ਹੈ, ਉਸ ਵਿੱਚੋਂ ਦੋ-ਚਾਰ ਦਮੜੇ ਉਹ ਮੇਲਿਆਂ-ਛਿੰਝਾਂ 'ਤੇ ਲਾ ਕੇ ਹੋਰ ਵੀ ਖੁਸ਼ ਹੋ ਜਾਂਦਾ ਹੈ, ਜੋ ਸਾਡੇ ਕਿਸਾਨ ਦੀ ਦਰਿਆ-ਦਿਲੀ ਦੀ ਮਿਸਾਲ ਹੈ । ਅੱਜੋਕੇ ਯੁੱਗ ਵਿੱਚ ਰਿਦਾਇਤੀ ਮੇਲਿਆਂ ਦੀ ਕਤਾਰ ਵਿੱਚ ਵਿਗਿਆਨਕ ਮੇਲਿਆਂ ਨੇ ਵੀ ਆਪਣੀ ਥਾਂ ਬਣਾ ਲਈ ਹੈ । ਕੁੱਝ ਇਸ ਤਰ੍ਹਾਂ ਦਾ ਹੀ ਰੰਗ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵਲੋਂ ਲਗਾਏ ਜਾਂਦੇ ਕਿਸਾਨ ਮੇਲਿਆਂ ਵਿੱਚ ਦੇਖਣ ਨੂੰ ਮਿਲਦਾ ਹੈ। ਕਿਸਾਨ ਮੇਲਿਆਂ ਦੀ ਸ਼ੁਰੂਆਤ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵਲੋਂ ਸੰਨ 1967 ਵਿੱਚ ਕੀਤੀ ਗਈ ਸੀ । ਇਨ੍ਹਾਂ ਕਿਸਾਨ ਮੇਲਿਆਂ ਦੀ ਹਰੀ-ਕ੍ਰਾਂਤੀ ਨੂੰ ਸਫ਼ਲ ਬਣਾਉਣ ਵਿੱਚ ਦੀਵੇ ਦੀ



ਬੱਤੀ ਵਾਲੀ ਭੂਮਿਕਾ ਨਿਭਾਈ ਅਤੇ ਹਰੀ-ਕ੍ਰਾਂਤੀ ਦੇ ਦੀਵੇ ਨਾਲ ਰੌਸ਼ਨ ਹੋਏ ਮੁਲਕ ਦੇ ਹੱਥ ਫ਼ੜਿਆ ਕਟੋਰਾ ਛੁੱਟਿਆ । ਵਿਗਿਆਨਕ ਮੇਲੇ 'ਪੰਜਾਬ ਐਗਰੀਕਲਚਰਲ ਯੂਨੀਵਰਸਿਟੀ' ਵੱਲੋਂ ਸਾਲ ਵਿੱਚ ਦੋ ਵਾਰ 'ਸਾਉਣੀ ਦੀਆਂ ਫ਼ਸਲਾਂ' ਸੰਬੰਧੀ ਮਾਰਚ ਦੇ ਮਹੀਨੇ ਅਤੇ 'ਹਾੜ੍ਹੀ ਦੀਆਂ ਫ਼ਸਲਾਂ' ਸੰਬੰਧੀ ਸਤੰਬਰ ਦੇ ਮਹੀਨੇ ਲਗਾਏ ਜਾਂਦੇ ਹਨ । ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਅਤੇ ਇਸ ਦੇ ਵੱਖ-ਵੱਖ ਕੇਂਦਰਾਂ ਵਿੱਚ ਲਗਾਏ ਜਾਂਦੇ ਮੇਲਿਆਂ ਵਿੱਚ ਕਿਸਾਨਾਂ ਦੇ ਠਾਠਾਂ ਮਾਰਦੇ ਇਕੱਠ, ਇਹਨਾਂ ਮੇਲਿਆਂ ਪ੍ਰਤੀ ਉਤਸ਼ਾਹ ਦੀ ਤਸਵੀਰ ਪੇਸ਼ ਕਰਦੇ ਹਨ । ਕਿਸਾਨਾਂ ਦਾ ਇਹਨਾਂ ਮੇਲਿਆਂ ਵਿੱਚ ਭਾਗ ਲੈਣਾ ਪੰਜਾਬ ਦੀ ਵਿਕਾਸਮਈ ਕਿਰਸਾਨੀ ਸੋਚ ਦੀ ਜਿਉਂਦੀ ਜਾਗਦੀ ਮਿਸਾਲ ਹੈ । ਇਹ ਮੇਲਾ 20-21 ਮਾਰਚ, 2026 ਨੂੰ ਪੀ. ਏ. ਯੂ. ਲੁਧਿਆਣਾ ਵਿਖੇ ਆਯੋਜਿਤ ਕੀਤਾ ਜਾਵੇਗਾ । ਇਨ੍ਹਾਂ ਮੇਲਿਆਂ ਦਾ ਮੰਤਵ ਕਿਸਾਨ ਵੀਰਾਂ ਨੂੰ ਵਿਗਿਆਨਕ ਢੰਗ ਨਾਲ ਖੇਤੀਬਾੜੀ ਕਰਨ ਦੇ ਨਾਲ-ਨਾਲ ਕੁਦਰਤੀ ਸੋਰੜਾਂ ਦੀ ਬੱਚਤ ਕਰਨਾ, ਖੇਤੀ ਲਾਗਤਾਂ ਘਟਾਉਣਾ, ਹੱਥੀਂ ਮਿਹਨਤ ਕਰਨ ਬਾਰੇ ਸੰਦੇਸ਼ ਦਿੱਤੇ ਜਾਂਦੇ ਹਨ । ਇਸ ਤੋਂ ਇਲਾਵਾ ਨਿੱਤ ਜੀਵਨ ਦੇ ਖਰਚੇ ਕੱਢਣ ਲਈ ਸਹਾਇਕ ਧੰਦਿਆਂ ਨੂੰ ਅਪਣਾਉਣ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ । ਆਪਣੀ ਫ਼ਸਲ ਦੇ ਖੁਦ ਮੰਡੀਕਰਨ ਕਰਕੇ ਵਿਚੋਲਿਆਂ ਦੀ ਲੁੱਟ ਤੋਂ ਬਚਾਉਣ ਸੰਬੰਧੀ ਜਾਗਰੂਕ ਕਰਨਾ ਵੀ ਇੰਹੋ ਜਿਹੇ ਮੇਲਿਆਂ ਦਾ ਉਦੇਸ਼ ਹੁੰਦਾ ਹੈ ।

ਕਿਸਾਨਾਂ ਨੂੰ ਖੇਤੀਬਾੜੀ ਦੀਆਂ ਨਵੀਆਂ-ਨਵੀਆਂ ਖੋਜਾਂ ਅਤੇ ਤਕਨੀਕਾਂ ਬਾਰੇ ਜਾਗਰੂਕ ਕਰਨਾ ਅਤੇ ਆਉਣ ਵਾਲੀ ਰੁੱਤ ਲਈ ਕਿਸਾਨਾਂ ਨੂੰ ਸੁਧਰੀਆਂ ਕਿਸਮਾਂ ਦੇ ਬੀਜ ਮੁਹੱਈਆ ਕਰਨਾ ਵੀ ਇਹਨਾਂ ਮੇਲਿਆਂ ਦਾ ਅਹਿਮ ਪੱਖ ਹੁੰਦਾ ਹੈ । ਫ਼ਸਲਾਂ ਦੇ ਸੁਧਰੇ ਬੀਜਾਂ ਤੋਂ ਇਲਾਵਾ, ਕਿਸਾਨਾਂ ਨੂੰ ਫ਼ਲਦਾਰ ਬੂਟੇ, ਸਬਜ਼ੀਆਂ ਅਤੇ ਫੁੱਲਾਂ ਦੇ ਬੀਜ ਅਤੇ ਪਨੀਰੀ ਵੀ ਮੁਹੱਈਆ ਕਰਵਾਏ ਜਾਂਦੇ ਹਨ । ਕੁਦਰਤੀ ਸਰੋਤਾਂ ਦੀ ਬੱਚਤ ਲਈ ਸਿੰਚਾਈ ਸਾਧਨਾਂ ਦੀ ਸੁਚੱਜੀ ਵਰਤੋਂ, ਮਿੱਟੀ ਅਤੇ ਪਾਣੀ ਪਰਖ, ਜੀਵਾਣੂ ਖਾਦਾਂ, ਮੌਸਮ ਦੀ ਅਗਾਊਂ ਜਾਣਕਾਰੀ ਦੀ ਮਹੱਤਤਾ ਬਾਰੇ ਵਿਚਾਰ ਚਰਚਾ ਕੀਤੀ ਜਾਂਦੀ ਹੈ । ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਵੱਲੋਂ ਫ਼ਸਲਾਂ, ਸਬਜ਼ੀਆਂ, ਫ਼ਲਾਂ, ਫੁੱਲਾਂ ਦੀਆਂ ਕਿਸਮਾਂ, ਪੈਦਾਵਾਰ ਤਕਨੀਕਾਂ, ਪੌਦ-ਸੁਰੱਖਿਆ ਤਕਨੀਕਾਂ ਅਤੇ ਖੇਤੀ ਜਿਣਸਾਂ ਤੇ ਬਣਨ ਵਾਲੇ ਵੱਖ-ਵੱਖ ਤਰ੍ਹਾਂ ਦੇ ਪਦਾਰਥਾਂ ਦੀਆਂ ਪ੍ਰਦਰਸ਼ਨੀਆਂ ਲਗਾਈਆਂ ਜਾਂਦੀਆਂ ਹਨ । ਇਹ ਜਿਉਂਦੀਆਂ-ਜਾਗਦੀਆਂ ਪ੍ਰਦਰਸ਼ਨੀਆਂ ਕਿਸਾਨਾਂ ਦੇ ਮਨਾਂ ਤੇ ਗਹਿਰਾ ਪ੍ਰਭਾਵ ਛੱਡਦੀਆਂ ਹਨ । ਖੇਤੀ ਮਸ਼ੀਨਰੀ ਦੀ ਵਰਤੋਂ ਅਤੇ ਸੰਭਾਲ ਸੰਬੰਧੀ ਵੱਡਮੁੱਲੀ ਜਾਣਕਾਰੀ ਕਿਸਾਨਾਂ ਨੂੰ ਬਹੁਤ ਲਾਹੇਵੰਦ ਸਿੱਧ ਹੁੰਦੀ ਹੈ ।

ਸਰਕਾਰੀ ਅਤੇ ਪ੍ਰਾਈਵੇਟ ਅਦਾਰਿਆਂ ਵੱਲੋਂ ਕਿਸਾਨ ਮੇਲਿਆਂ ਵਿੱਚ ਲਗਾਈਆਂ ਜਾਂਦੀਆਂ ਪ੍ਰਦਰਸ਼ਨੀਆਂ ਖੇਤੀਬਾੜੀ ਦੇ ਹਰੇਕ ਪਹਿਲੂ ਵਿੱਚ ਸਮੇਂ ਅਨੁਸਾਰ ਹੋਈ ਤਰੱਕੀ ਦੀ ਗਵਾਹੀ ਭਰਦੀਆਂ ਹਨ । ਖੇਤੀਬਾੜੀ ਦੇ ਸੰਦ-ਸੰਦੇੜੇ ਅਤੇ ਮਸ਼ੀਨਰੀ ਦੀਆਂ ਸਟਾਲਾਂ ਕਿਸਾਨ ਵੀਰਾਂ ਨੂੰ ਨਵੇਂ ਆਏ ਆਧੁਨਿਕ ਸੰਦਾਂ ਦੀ ਜਾਣਕਾਰੀ ਮੁਹੱਈਆ ਕਰਦੀਆਂ ਹਨ । ਮਸ਼ੀਨਰੀ ਦੀ ਵਰਤੋਂ ਦੀ ਵਿਧੀ ਅਤੇ ਖਰੀਦ ਮੁੱਲ ਬਾਰੇ ਪੂਰੀ ਜਾਣਕਾਰੀ ਦਿੱਤੀ ਜਾਂਦੀ ਹੈ । ਇਸ ਸਭ ਦੇ ਨਾਲ-ਨਾਲ, ਗ੍ਰਹਿ ਵਿਗਿਆਨ ਵਿਭਾਗ ਵੱਲੋਂ ਵੀ ਆਪਣੇ ਸਟਾਲਾਂ 'ਤੇ ਘਰੇਲੂ ਵਰਤੋਂ ਦੀਆਂ ਹੱਥ ਦੀਆਂ ਬਣੀਆਂ ਵੱਖੋ-ਵੱਖਰੀਆਂ ਵਸਤੂਆਂ ਦੀ ਪ੍ਰਦਰਸ਼ਨੀ ਲਗਾਈ ਜਾਂਦੀ ਹੈ, ਜੋ ਕਿ ਕਿਸਾਨ ਬੀਬੀਆਂ ਲਈ ਜਾਣਕਾਰੀ ਨਾਲ ਭਰਪੂਰ ਹੁੰਦੀ ਹੈ । ਇਨ੍ਹਾਂ ਸਟਾਲਾਂ 'ਤੇ ਕਿਸਾਨ ਬੀਬੀਆਂ ਲਈ ਯੂਨੀਵਰਸਿਟੀ ਵਲੋਂ ਲਾਏ ਜਾਂਦੇ ਸਿਖਲਾਈ ਕੋਰਸਾਂ ਦੀ ਜਾਣਕਾਰੀ ਦਿੱਤੀ ਜਾਂਦੀ ਹੈ । ਕਿਸਾਨ ਬੀਬੀਆਂ ਨੂੰ ਘਰੇਲੂ ਵਸਤੂਆਂ ਜਿਵੇਂ ਸਿਲਾਈ, ਕਢਾਈ, ਅਚਾਰ, ਚੱਟਣੀਆਂ, ਮੁਰੱਬੇ ਆਦਿ ਬਣਾਉਣ ਦੀਆਂ ਵਿਧੀਆਂ ਅਤੇ ਇਨ੍ਹਾਂ ਦੀ ਮੰਡੀਕਰਨ ਬਾਰੇ ਸਿਖਲਾਈ ਦਿੱਤੀ ਜਾਂਦੀ ਹੈ, ਤਾਂ ਜੋ ਉਹ ਆਪਣੇ ਪਰਿਵਾਰ ਦੀ ਆਮਦਨ ਵਿੱਚ ਵਾਧਾ ਕਰ ਸਕਣ । ਇਸ ਤੋਂ ਇਲਾਵਾ ਪੌਸ਼ਟਿਕ ਭੋਜਨ ਬਾਰੇ ਵੀ ਦੱਸਿਆ ਜਾਂਦਾ ਹੈ ।

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਛਪਦਾ ਮਹੀਨਾਵਾਰੀ ਰਸਾਲਾ, 'ਚੰਗੀ ਖੇਤੀ' ਪੰਜਾਬੀ ਵਿੱਚ ਅਤੇ 'ਪ੍ਰੋਗਰੈਸਿਵ ਫਾਰਮਿੰਗ' ਅੰਗਰੇਜ਼ੀ ਵਿੱਚ ਹਰ ਮਹੀਨੇ ਖੇਤੀਬਾੜੀ ਨਾਲ ਸੰਬੰਧਿਤ ਜਾਣਕਾਰੀ ਲੈ ਕੇ ਆਉਂਦਾ ਹੈ । ਕਿਸਾਨ ਮੇਲੇ ਵਿੱਚ ਇਸ ਰਸਾਲੇ ਦੇ ਮੈਂਬਰ ਬਣਨ ਲਈ ਖ਼ਾਸ ਤੌਰ 'ਤੇ ਸਟਾਲ ਲੱਗਿਆ ਹੁੰਦਾ ਹੈ, ਜਿੱਥੇ ਕਿਸਾਨ ਵੀਰ ਰਸਾਲੇ ਦੀ ਮੈਂਬਰਸ਼ਿਪ ਲੈ ਸਕਦੇ ਹਨ, ਜਿਸ ਨਾਲ ਹਰ ਮਹੀਨੇ ਵਿਗਿਆਨਕ ਜਾਣਕਾਰੀ ਖੁਦ ਤੁਹਾਡੇ ਘਰ ਡਾਕ ਰਾਹੀਂ, ਇਸ ਰਸਾਲੇ ਦੇ ਰੂਪ ਵਿੱਚ ਪਹੁੰਚ ਜਾਇਆ ਕਰੇਗੀ । ਇਸ ਤੋਂ ਇਲਾਵਾ ਹਾੜ੍ਹੀ ਅਤੇ ਸਾਉਣੀ ਦੀਆਂ ਫ਼ਸਲਾਂ ਦੀ ਕਾਸ਼ਤ ਤਕਨੀਕਾਂ ਲਈ, ਯੂਨੀਵਰਸਿਟੀ ਵੱਲੋਂ ਛਪੀਆਂ ਕਿਤਾਬਾਂ 'ਪੰਜਾਬ ਦੀਆਂ ਫ਼ਸਲਾਂ ਲਈ ਸਿਫ਼ਾਰਿਸ਼ਾਂ-ਸਾਉਣੀ/ਹਾੜ੍ਹੀ' ਵੀ ਖਰੀਦੀਆਂ ਜਾ ਸਕਦੀਆਂ ਹਨ, ਜਿਨ੍ਹਾਂ ਵਿੱਚ ਫ਼ਸਲ ਦੀ ਬਿਜਾਈ, ਸਿਫ਼ਾਰਿਸ਼ ਕੀਤੀਆਂ ਕਿਸਮਾਂ ਤੋਂ ਲੈ ਕੇ ਫ਼ਸਲ ਦੀ ਵਾਢੀ ਤੱਕ ਹਰ ਅਹਿਮ ਜਾਣਕਾਰੀ ਦਿੱਤੀ ਗਈ ਹੈ । ਇਨ੍ਹਾਂ ਕਿਤਾਬਾਂ

ਬਾਕੀ ਸਫਾ 6 'ਤੇ

ਖੇਤੀ ਦੁਨੀਆਂ
ਸੰਪੂਰਣ ਖੇਤੀਬਾੜੀ ਸਪਤਾਹਿਕ ਪਟਿਆਲਾ
ਖੇਤੀ ਅਤੇ ਖੇਤੀ ਸਹਾਇਕ ਧੰਦਿਆਂ ਦੀ ਆਧੁਨਿਕ ਜਾਣਕਾਰੀ ਨਾਲ ਭਰਪੂਰ



12 ਨਹੀਂ 24 ਨਹੀਂ
ਹਰ ਹਫਤੇ ਪ੍ਰਕਾਸ਼ਿਤ ਹੋਣ ਵਾਲਾ 52 ਅੰਕ

ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

KHETI DUNIYAN

An Exclusive Agricultural Weekly

ਰਜਿਸਟਰਡ ਆਫਿਸ :
9-ਏ, ਅਜੀਤ ਨਗਰ,
ਪਟਿਆਲਾ

ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 44 ਅੰਕ 12
ਮਿਤੀ 21-03-2026

ਐਡੀਟਰ

ਜਗਪ੍ਰੀਤ ਸਿੰਘ

ਮਾਰਕੀਟਿੰਗ ਦਫਤਰ

ਪਟਿਆਲਾ
ਫੋਨ : 0175-2214575

ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ

ਸੰਪਾਦਕੀ ਬੋਰਡ

ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਝੱਤਰਾ
ਡਾ. ਵਰਿੰਦਰ ਲਾਠਰ

ਕੰਪੋਜ਼ਿੰਗ

ਏਕਤਾ ਕੰਪਿਊਟਰਜ਼, ਪਟਿਆਲਾ

ਨੋਟ

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।

★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।

★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।

Editor : **JAGPREET SINGH**,
Printer, Publisher and Owner of Weekly
'KHETI DUNIYAN' Printed at **Drishti Printers,**
484, Nagra Street, Natan Wali Gali,Backside Dashmesh Market,
Near Sher-e-Punjab Market, Patiala-147001 (Pb.)
and published from **Kheti Duniyan**, House No. 9-A, Ajit Nagar,
Patiala-147001 (Pb.). E-mail : khetiduniyan1983@gmail.com
Phone No. 0175-2214575, RNI No.**PUNPUN00806**

ਠੇਕਾ ਆਧਾਰਤ ਖੇਤੀ ਕਿਵੇਂ ਹੋਵੇ ਸਫਲ?

ਸਾਡੇ ਮੁਲਕ ਵਿੱਚ ਠੇਕਾ ਆਧਾਰਤ ਖੇਤੀ ਸਫਲ ਨਹੀਂ ਹੋਈ ਭਾਵੇਂ ਕਿ ਕਈ ਸੂਬਿਆਂ ਵਿੱਚ ਵੱਖ-ਵੱਖ ਫ਼ਸਲਾਂ ਲਈ ਕਈ ਵਾਰ ਠੇਕੇ ਕੀਤੇ ਗਏ ਹਨ ਜਿਵੇਂ ਟਮਾਟਰਾਂ, ਮੇਥੇ ਅਤੇ ਹੋਰ ਸਬਜ਼ੀਆਂ ਦੇ।



ਡਾ. ਸ. ਸ. ਛੀਨਾ

ਭਾਰਤੀ ਖੇਤੀ ਵਿੱਚ ਸਾਧਨਾਂ ਦੇ ਸੀਮਤ ਹੋਣ ਕਰਕੇ ਉਨ੍ਹਾਂ ਦੀ ਚੰਗੀ ਵਰਤੋਂ ਲਈ ਠੇਕੇ ਦੀ ਖੇਤੀ ਬਹੁਤ ਚੰਗੀ ਭੂਮਿਕਾ ਨਿਭਾ ਸਕਦੀ ਹੈ। ਸਰਕਾਰ ਵੱਲੋਂ ਦਿੱਤੇ ਗਏ ਯਕੀਨੀ ਮੰਡੀਕਰਨ ਦੇ ਬਰਾਬਰ ਹੋਰ ਫ਼ਸਲਾਂ ਤੇ ਖ਼ਾਸ ਕਰਕੇ ਖੇਤੀ ਵਿਭਿੰਨਤਾ ਲਈ ਇਸ ਦੀ ਭੂਮਿਕਾ ਹੋਰ ਵੀ ਮਹੱਤਵਪੂਰਨ ਬਣ ਜਾਂਦੀ ਹੈ ਕਿਉਂ ਜੋ ਇਹ ਮੰਡੀਕਰਨ ਦੀ ਅਨਿਸ਼ਚਿਤਤਾ ਨੂੰ ਬਿਲਕੁਲ ਖ਼ਤਮ ਕਰ ਸਕਦੀ ਹੈ।

ਦੁਨੀਆ ਦੇ ਵਿਕਸਿਤ ਦੇਸ਼ਾਂ ਤੇ ਉਨ੍ਹਾਂ ਮੁਲਕਾਂ ਵਿੱਚ ਜਿੱਥੇ ਵਿਅਕਤੀ ਅਤੇ ਭੂਮੀ ਦਾ ਅਨੁਪਾਤ ਬਹੁਤ ਉੱਚਾ ਹੈ ਜਿਵੇਂ ਕੈਨੇਡਾ, ਆਸਟ੍ਰੇਲੀਆ ਤੇ ਅਮਰੀਕਾ ਆਦਿ ਵਿੱਚ ਵੀ ਠੇਕੇ ਦੀ ਖੇਤੀ ਨਾਲ ਮੰਡੀਕਰਨ ਦੀ ਅਨਿਸ਼ਚਿਤਤਾ ਦੂਰ ਕੀਤੀ ਗਈ ਹੈ। ਉਸ ਇਸ ਗੱਲ ਦੀ ਸਮਝ ਨਹੀਂ ਆਉਂਦੀ ਕਿ ਭਾਰਤ ਜਿੱਥੇ ਭੂਮੀ ਅਤੇ ਵਿਅਕਤੀ ਦਾ ਅਨੁਪਾਤ ਘੱਟ ਹੈ ਜਿਵੇਂ ਦੁਨੀਆ ਦੇ 2.4 ਫ਼ੀਸਦੀ ਭੂਮੀ ਖੇਤਰ ਦੇ ਮੁਕਾਬਲੇ 17.6 ਫ਼ੀਸਦੀ ਵਸੋਂ ਹੈ। ਉੱਥੇ ਇਸ ਨੂੰ ਸਫ਼ਲ ਬਣਾਉਣ ਦੇ ਯਤਨ ਕਿਉਂ ਨਹੀਂ ਕੀਤੇ ਗਏ। ਸੰਨ 2018 ਵਿੱਚ ਖੇਤੀ ਉਤਪਾਦਨ ਅਤੇ ਪਸ਼ੂਧਨ ਬਾਰੇ ਠੇਕੇ ਦਾ ਪ੍ਰਸਤਾਵ ਕੀਤਾ ਗਿਆ ਸੀ ਜਿਸ ਨੂੰ ਪ੍ਰਾਂਤਾਂ ਨੇ ਲਾਗੂ ਕਰਨਾ ਸੀ ਕਿਉਂਕਿ ਖੇਤੀਬਾੜੀ ਪ੍ਰਾਂਤਾਂ ਦਾ ਵਿਸ਼ਾ ਹੈ। ਹਰ ਪ੍ਰਾਂਤ ਵਿੱਚ ਭੂਗੋਲਿਕ ਅਤੇ ਜਲਵਾਯੂ ਦਾ ਵਖਰੇਵਾਂ ਹੋਣ ਕਰਕੇ ਪ੍ਰਾਂਤਾਂ ਦੀਆਂ ਸਰਕਾਰਾਂ ਨੂੰ ਠੇਕੇ ਦੀ ਖੇਤੀ ਸੰਬੰਧੀ ਇਸ ਤਰ੍ਹਾਂ ਦੀ ਵਿਵਸਥਾ ਯਕੀਨੀ ਬਣਾਉਣੀ ਚਾਹੀਦੀ ਹੈ ਜਿਸ ਨੂੰ ਠੇਕੇਦਾਰ ਇੱਕ ਤਰਫ ਅਤੇ ਕਿਸਾਨ ਦੂਸਰੀ ਤਰਫ ਕਦੇ ਵੀ ਨਾ ਬਦਲ ਸਕਣ ਤਾਂ ਕਿ ਖੇਤੀ ਮੰਡੀਕਰਨ ਵਿੱਚ ਪੂਰੀ ਯਕੀਨੀ ਗਰੰਟੀ ਦੀ ਵਿਵਸਥਾ ਬਣੇ। ਭਾਰਤ ਵਿੱਚ ਕਣਕ ਅਤੇ ਝੋਨੇ ਦੀਆਂ ਘੋਸ਼ਿਤ ਕੀਮਤਾਂ 'ਤੇ ਸਰਕਾਰੀ ਖਰੀਦ ਨੇ ਕਰਮਾਤੀ ਸਿੱਟੇ ਸਾਹਮਣੇ ਲਿਆਂਦੇ ਹਨ ਭਾਵੇਂ ਕਿ ਹੋਰ ਫ਼ਸਲਾਂ ਦੇ ਖੇਤਰ ਅਤੇ ਉਨ੍ਹਾਂ ਦੀ ਉਪਜ ਵਿੱਚ ਵੱਡੀ ਕਮੀ ਆ ਗਈ ਹੈ ਅਤੇ ਉਹ ਬਹੁਤ ਮਹਿੰਗੀ ਕੀਮਤ 'ਤੇ ਵਿਦੇਸ਼ਾਂ ਤੋਂ ਖ਼ਰੀਦੀਆਂ ਜਾ ਰਹੀਆਂ ਹਨ ਜਿਸ ਤਰ੍ਹਾਂ ਦਾਲਾਂ ਅਤੇਖਾਣ ਵਾਲੇ ਤੇਲ ਬੀਜ। ਇਨ੍ਹਾਂ ਦੇ ਰਕਬੇ ਅਤੇ ਉਤਪਾਦਨ ਵਿੱਚ ਕਮੀ ਹੋਣ ਕਰਕੇ ਹਰ ਸਾਲ ਇਨ੍ਹਾਂ ਲਈ ਲੱਖਾਂ ਕਰੋੜਾਂ ਰੁਪਏ ਖਰਚੇ ਜਾ ਰਹੇ ਹਨ ਅਤੇ ਇਸ ਤਰ੍ਹਾਂ ਹੀ ਹੋਰ ਵਸਤਾਂ ਖ਼ਰੀਦੀਆਂ ਜਾ ਰਹੀਆਂ ਹਨ।



ਇੱਥੋਂ ਤੱਕ ਕਿ ਭਾਰਤ ਆਪਣੀਆਂ ਲੱਕੜ ਦੀਆਂ ਲੋੜਾਂ ਵਿੱਚ ਵੀ ਆਤਮ ਨਿਰਭਰ ਨਹੀਂ ਅਤੇ ਲੱਕੜ ਵੀ ਬਾਹਰ ਤੋਂ ਮੰਗਵਾਉਣੀ ਪੈਂਦੀ ਹੈ। ਜੇ ਉਨ੍ਹਾਂ ਫ਼ਸਲਾਂ ਲਈ ਵਿਕਸਿਤ ਦੇਸ਼ਾਂ ਵਾਂਗ ਠੇਕੇ ਦੀ ਖੇਤੀ ਅਪਣਾਈ ਜਾਵੇ ਤਾਂ ਯਕੀਨਨ ਉਨ੍ਹਾਂ ਫ਼ਸਲਾਂ ਅਧੀਨ ਵੀ ਉਹ ਸਿੱਟੇ ਮਿਲ ਸਕਦੇ ਹਨ ਜੋ ਕਣਕ ਅਤੇ ਝੋਨੇ ਦੇ ਉਤਪਾਦਨ ਵਿੱਚ ਮਿਲੇ ਹਨ। ਇੱਥੋਂ ਤੱਕ ਕਿ ਭਾਰਤ ਵਿੱਚ 18 ਖੇਤੀ ਜਲਵਾਯੂ ਜ਼ੋਨ ਹੋਣ ਕਰਕੇ ਕਈ ਉਹ ਫ਼ਸਲਾਂ ਜਿਹੜੀਆਂ ਵੱਡੀ ਕੀਮਤ 'ਤੇ ਵਿਦੇਸ਼ਾਂ ਨੂੰ ਮੰਗਵਾਈਆਂ ਜਾਂਦੀਆਂ ਹਨ, ਉਹ ਸਿਰਫ ਇਸ ਕਰਕੇ ਨਹੀਂ ਬੀਜੀਆਂ ਜਾਂਦੀਆਂ ਕਿ ਉਨ੍ਹਾਂ ਦਾ ਮੰਡੀਕਰਨ ਯਕੀਨੀ ਨਹੀਂ ਹੈ।

ਇਸ ਅਨਿਸ਼ਚਿਤਤਾ ਨੂੰ ਖ਼ਤਮ ਕਰਨ ਲਈ ਉੱਹੋ ਜਿਹੀ ਠੇਕਾ ਪ੍ਰਣਾਲੀ ਦੀ ਲੋੜ ਹੈ ਜੋ ਵਿਕਸਤ ਦੇਸ਼ਾਂ ਵਿੱਚ ਅਪਣਾਈ ਗਈ ਹੈ। ਮੈਂ ਕੈਨੇਡਾ ਵਿੱਚ ਠੇਕੇ ਦੀ ਖੇਤੀ ਦਾ ਅਧਿਐਨ ਕੀਤਾ ਸੀ। ਉੱਥੇ ਨਿੱਜੀ ਕੰਪਨੀਆਂ ਕਿਸਾਨਾਂ ਨਾਲ ਵੱਖ-ਵੱਖ ਫ਼ਸਲਾਂ ਜਿਵੇਂ ਕਣਕ, ਮੱਕੀ, ਸਬਜ਼ੀਆਂ, ਫਲ, ਦੁੱਧ ਤੇ ਪੋਲਟਰੀ ਆਦਿ ਲਈ ਠੇਕੇ ਕਰਦੇ ਹਨ। ਉੱਥੇ ਵਿਸ਼ਾਲ ਖੇਤਰ ਹੋਣ ਕਰਕੇ ਜ਼ੋਨਲ ਪ੍ਰਣਾਲੀ ਬਣਾਈ ਤੇ ਵੱਖ-ਵੱਖ ਜ਼ੋਨਾਂ ਵਿੱਚ ਇੱਕ ਹੀ ਵਿਸ਼ੇਸ਼ ਫ਼ਸਲ ਬੀਜੀ ਜਾਂਦੀ ਹੈ ਜਿਵੇਂ ਕਣਕ ਜ਼ੋਨ, ਮੱਕੀ ਜ਼ੋਨ, ਸਬਜ਼ੀਆਂ ਦਾ ਜ਼ੋਨ ਆਦਿ। ਠੇਕੇ ਤੋਂ ਬਾਅਦ ਠੇਕੇ ਵਾਲੀ ਕੰਪਨੀ ਵਿੱਚ ਪੂਰੀ ਤਰ੍ਹਾਂ ਕਿਸਾਨ ਵੀ ਭਾਈਵਾਲ ਬਣ ਜਾਂਦੇ ਹਨ। ਉਹ ਫ਼ਸਲ ਦੀ ਬਿਜਾਈ ਤੋਂ ਪਹਿਲਾਂ ਤੋਂ ਹੀ ਕਿਸਾਨ ਦੀ ਅਗਵਾਈ ਕਰਦੀ ਹੈ। ਫ਼ਸਲ ਬੀਜਣ ਤੋਂ ਬਾਅਦ ਉਸ ਦੇ ਗੁਣਾਂ ਵਿੱਚ ਵਾਧਾ ਕਰਨ ਅਤੇ ਉਸ ਦੀ ਉਪਜ ਵਿੱਚ ਵਾਧਾ ਕਰਨ ਲਈ ਵੀ ਕੰਪਨੀ ਵੱਲੋਂ ਹਿੱਸਾ ਪਾਇਆ ਜਾਂਦਾ ਹੈ। ਕੰਪਨੀ ਦੇ ਖੇਤੀ ਮਾਹਿਰ ਸਮੇਂ-ਸਮੇਂ 'ਤੇ ਫ਼ਸਲ ਦੀ ਨਿਗਰਾਨੀ ਕਰਦੇ ਰਹਿੰਦੇ ਹਨ। ਫ਼ਸਲ ਦੀ ਕਟਾਈ ਅਤੇ ਬਾਅਦ ਵਿੱਚ ਉਸ ਨੂੰ ਖ਼ਰੀਦ ਕੇ ਉਸ ਨਾਲ ਤੈਅ ਕੀਤੀ ਕੀਮਤ ਅਦਾ ਕਰਦੇ ਹਨ। ਜੇ ਫ਼ਸਲ ਉਸ ਖ਼ਰੀਦ ਕਰਨ ਵਾਲੇ ਮਾਹਿਰਾਂ ਤੋਂ 10 ਫ਼ੀਸਦੀ ਵੱਧ ਵੀ ਹੋ ਜਾਂਦੀ ਹੈ ਤਾਂ ਕੰਪਨੀ ਖ਼ਰੀਦ ਲੈਂਦੀ ਹੈ ਪਰ ਜੇ 10 ਫ਼ੀਸਦੀ ਤੋਂ ਵੱਧ ਹੈ ਤਾਂ ਉਸ ਲਈ ਕਿਸਾਨ ਨਾਲ ਕੀਮਤ ਤੈਅ ਕਰ ਕੇ ਖ਼ਰੀਦੀ ਜਾਂਦੀ ਹੈ। ਜਾਂ ਕਿਸਾਨ ਨੂੰ ਉਨ੍ਹਾਂ ਕੋਲ ਰੱਖਣ ਲਈ ਕਿਹਾ ਜਾਂਦਾ ਹੈ।

ਉਨ੍ਹਾਂ ਦੇਸ਼ਾਂ ਵਿੱਚ ਇਸ ਠੇਕਾ ਪ੍ਰਣਾਲੀ ਨਾਲ ਫ਼ਸਲ ਦੀ ਕੀਮਤ ਅਤੇ ਮਾਤਰਾ ਦੀ ਖ਼ਰੀਦ ਦਾ ਓਨਾ ਹੀ ਯਕੀਨ ਹੈ ਜਿੰਨਾ ਸਰਕਾਰੀ ਖ਼ਰੀਦ ਦਾ ਕਿ ਕੰਪਨੀ ਕਿਸਾਨ ਦੇ ਹਿੱਤ ਵਿੱਚ ਅਤੇ ਇੱਥੋਂ ਤੱਕ ਕਿ ਫ਼ਸਲ ਬੀਮੇ ਤੱਕ ਹਿੱਸਾ ਪਉਣਾ। ਭਾਰਤ ਵਿੱਚ ਠੇਕੇ ਦੀ ਖੇਤੀ ਕਾਮਯਾਬ ਨਹੀਂ ਹੋਈ ਭਾਵੇਂ ਕਿ ਵੱਖ-ਵੱਖ ਪ੍ਰਾਂਤਾਂ ਅਤੇ ਵੱਖ-ਵੱਖ ਫ਼ਸਲਾਂ ਲਈ ਇਸ ਲਈ ਕਈ ਵਾਰ ਠੇਕੇ ਕੀਤੇ ਗਏ ਹਨ ਜਿਵੇਂ ਟਮਾਟਰਾਂ, ਮੇਥੇ ਅਤੇ ਹੋਰ ਸਬਜ਼ੀਆਂ ਦੇ। ਇਹ ਗੱਲ ਵੇਖੀ ਗਈ ਹੈ ਕਿ ਜੇ ਕਿਸੇ ਸਮੇਂ ਵਸਤੂ ਦੀ ਕੀਮਤ ਜ਼ਿਆਦਾ ਹੈ ਤਾਂ ਕਿਸਾਨ ਠੇਕੇਦਾਰ ਕੋਲ ਵੇਚਣ ਦੀ ਬਜਾਏ ਉਸ ਨੂੰ ਬਾਹਰ ਵੇਚ ਦਿੰਦਾ ਹੈ। ਇਸ ਸੰਬੰਧੀ ਸਰਕਾਰ ਦੀ ਭੂਮਿਕਾ ਮਾਮੂਲੀ ਹੁੰਦੀ ਹੈ ਜਿਸ ਲਈ ਇਹ ਠੇਕੇ ਦੀ ਖੇਤੀ ਖ਼ਤਮ ਹੋ ਜਾਂਦੀ ਹੈ। ਪੰਜਾਬ, ਹਰਿਆਣਾ ਜਿੱਥੇ ਹਰ ਤਰ੍ਹਾਂ ਦੀ ਫ਼ਸਲ ਪੈਦਾ ਹੋ ਸਕਦੀ ਹੈ, ਇਹ 70 ਫ਼ੀਸਦੀ ਖੇਤਰ ਸਿਰਫ਼ ਕਣਕ ਅਤੇ ਝੋਨੇ ਦੀਆਂ ਦੋ ਫ਼ਸਲਾਂ ਹੀ ਬੀਜਦਾ ਹੈ ਅਤੇ ਹੋਰ ਫ਼ਸਲਾਂ ਨੂੰ ਅਣਗੌਲਿਆ ਕਰਦਾ ਹੈ।

ਇਨ੍ਹਾਂ ਦੋਵਾਂ ਪ੍ਰਾਂਤਾਂ ਵਿੱਚ ਫ਼ਲਾਂ ਅਤੇ ਸਬਜ਼ੀਆਂ ਦੀ ਵੱਡੀ ਉਪਜ ਹੋ ਸਕਦੀ ਹੈ ਪਰ ਮੰਡੀਕਰਨ ਯਕੀਨੀ ਨਾ ਹੋਣ ਕਰਕੇ ਪੈਦਾ ਨਹੀਂ ਕੀਤੀਆਂ ਜਾਂਦੀਆਂ। ਕੇਂਦਰ ਸਰਕਾਰ ਹਰ ਪ੍ਰਾਂਤ ਦੀ ਹਰ ਫ਼ਸਲ ਨਹੀਂ ਖ਼ਰੀਦ ਸਕਦੀ। ਨਾ ਹੀ ਸੂਬਾਈ ਸਰਕਾਰਾਂ ਵਾਸਤੇ ਦਰਜਨਾਂ ਫ਼ਸਲਾਂ ਦੀ ਖ਼ਰੀਦ ਕਰਨੀ ਸੰਭਵ ਹੈ। ਕੁੱਝ ਮੁੱਖ ਫ਼ਸਲਾਂ ਤੋਂ ਇਲਾਵਾ ਹੋਰ ਉਹ ਫ਼ਸਲਾਂ ਜਿਨ੍ਹਾਂ ਦੀ ਸਰਕਾਰੀ ਖ਼ਰੀਦ ਨਹੀਂ, ਉਸ ਵਿੱਚ ਠੇਕੇ ਦੀ ਖੇਤੀ ਲਈ ਉਹ ਕਾਨੂੰਨੀ ਵਿਵਸਥਾ ਬਣਨੀ ਚਾਹੀਦੀ ਹੈ ਕਿ ਕੀਮਤ ਦੇ ਉਤਰਅ-ਚੜ੍ਹਾਅ ਜਾਂ ਫ਼ਸਲਾਂ ਦੀ ਉਪਜ ਦੇ ਉਤਰਅ-ਚੜ੍ਹਾਅ ਦੀ ਹਾਲਤ ਵਿੱਚ ਵੀ ਠੇਕੇਦਾਰ ਜਾਂ ਕਿਸਾਨ ਕੋਈ ਵੀ ਅਨਿਸ਼ਚਿਤਤਾ ਵਿੱਚ ਨਾ ਜਾਵੇ ਅਤੇ ਨੇੜੇ ਦੀ ਖੇਤੀ ਸਫ਼ਲ ਵੀ ਹੋਵੇ, ਇਸ ਲਈ ਪੱਕੀ ਪਰ ਘੱਟ ਕਾਨੂੰਨੀ ਪ੍ਰਕਿਰਿਆ ਹੋਣੀ ਚਾਹੀਦੀ ਹੈ। ਭਾਰਤ ਵਿੱਚ ਖੇਤੀ ਹੀ ਉਹ ਖੇਤਰ ਹੈ ਜਿੱਥੇ ਖੇਤੀ ਕਿਰਤੀਆਂ ਅਤੇ ਕਿਸਾਨਾਂ ਵਿੱਚ ਅਰਧ ਬੇਰੁਜ਼ਗਾਰੀ ਹੈ। ਉਸ ਬੇਰੁਜ਼ਗਾਰੀ ਨੂੰ ਹਟਾਉਣ ਲਈ ਖੇਤੀ ਆਧਾਰਤ ਉਦਯੋਗਾਂ ਦੀ ਲੋੜ ਹੈ। ਇਹ ਗੱਲ ਕਈ ਰਿਪੋਰਟਾਂ ਵਿੱਚ ਸਾਹਮਣੇ ਆਈ ਹੈ ਕਿ ਉਦਯੋਗਪੱਤੀ ਖੇਤੀ ਆਧਾਰਤ ਸਨਅਤਾਂ ਵਿੱਚ ਨਿਵੇਸ਼ ਇਸ ਕਰਕੇ ਨਹੀਂ ਕਰਦੇ ਕਿ ਉਸ ਵਿੱਚ ਕੱਚਾ ਮਾਲ ਜਾਂ ਖੇਤੀ ਉਪਜਾਂ ਦੀ ਬੇਯਕੀਨੀ ਹੈ ਜਿਸ ਨਾਲ ਉਨ੍ਹਾਂ ਦੀ ਪੂੰਜੀ ਵਿਹਲੀ ਰਹਿੰਦੀ ਹੈ। ਇਸ ਬੇਯਕੀਨੀ ਨੂੰ ਠੇਕੇ ਦੀ ਖੇਤੀ ਹੀ ਦੂਰ ਕਰ ਸਕਦੀ ਹੈ। ਭਾਰਤ ਦੀ ਖੇਤੀ ਸੀਮਾਂਤ ਕਿਸਾਨਾਂ ਦੀ ਖੇਤੀ ਹੈ ਤੇ 76 ਫ਼ੀਸਦੀ ਕਿਸਾਨਾਂ ਲਈ ਜੋਤਾਂ ਪੰਜ ਏਕੜ ਤੋਂ ਘੱਟ ਹਨ। ਉਨ੍ਹਾਂ ਨੇ ਆਪਣੀ ਖੇਤੀ ਵਿੱਚੋਂ ਆਪਣੇ ਘਰਾਂ ਦੀਆਂ ਸਾਰੀਆਂ ਲੋੜਾਂ ਪੂਰੀਆਂ ਕਰਨੀਆਂ ਹਨ।

ਸੀਮਤ ਪੂੰਜੀ ਅਤੇ ਭੂਮੀ 'ਤੇ ਬਹੁਤਾਤ ਵਿੱਚ ਮਨੁੱਖੀ ਕਿਰਤ ਦੀ ਵਰਤੋਂ ਕਰਨ ਲਈ ਭਾਰਤ ਵਿੱਚ ਖੇਤੀ ਵਿਭਿੰਨਤਾ ਦੀ ਵੱਡੀ ਲੋੜ ਹੈ। ਕਣਕ-ਝੋਨੇ ਦਾ ਫ਼ਸਲੀ ਚੱਕਰ ਹੋਣ ਕਰਕੇ ਕਿਸਾਨ ਦੀ ਕਿਰਤ ਕੁੱਝ ਦਿਨਾਂ ਤੱਕ ਸੀਮਤ ਹੈ। ਇਸ ਤਰ੍ਹਾਂ ਟਰੈਕਟਰ-ਟਰਾਲੀ ਤੇ ਟਿਊਬਵੈੱਲ ਆਦਿ ਦੀ ਵਰਤੋਂ ਵੀ ਕੁੱਝ ਹੀ ਸਮੇਂ ਲਈ ਹੈ। ਸਾਰਾ ਸਾਲ ਕੰਮ ਲਈ ਵੱਖ-ਵੱਖ ਫ਼ਸਲਾਂ ਵੱਖ-ਵੱਖ ਸਮੇਂ 'ਤੇ ਲੱਗਣ ਨਾਲ ਪੂੰਜੀ ਅਤੇ ਕਿਰਤੀਆਂ ਦਾ ਕੰਮ ਵਧਦਾ ਹੈ ਤੇ ਜਿਸ ਦੀ ਇਸ ਸਮੇਂ ਵੱਡੀ ਲੋੜ ਹੈ।

ਠੇਕੇ ਦੀ ਖੇਤੀ ਬਰਾਮਦ ਲਈ ਵੀ ਵੱਡੀ ਭੂਮਿਕਾ ਨਿਭਾ ਸਕਦੀ ਹੈ। ਕੋਈ ਵੀ ਕਿਸਾਨ, ਭਾਵੇਂ ਉਹ ਸੈਂਕੜੇ ਏਕੜਾਂ ਦੀ ਖੇਤੀ ਕਰਦਾ ਹੋਵੇ, ਉਹ ਨਿਰਯਾਤ ਨਹੀਂ ਕਰ ਸਕਦਾ। ਇਹ ਵਿਸ਼ੇਸ਼ ਵਪਾਰੀਆਂ ਦਾ ਕੰਮ ਹੈ। ਉਹ ਵਪਾਰੀ ਉਨ੍ਹਾਂ ਨਿਰਯਾਤ ਹੋਣ ਵਾਲੀਆਂ ਫ਼ਸਲਾਂ ਦਾ ਲਾਭ ਤਾਂ ਹੀ ਲੈ ਸਕਦੇ ਹਨ ਜੇ ਕਿਸਾਨਾਂ ਨੂੰ ਉਨ੍ਹਾਂ ਫ਼ਸਲਾਂ ਦੀ ਜਾਣਕਾਰੀ ਆਪਣੇ ਵਿਸ਼ੇਸ਼ ਮਾਹਿਰਾਂ ਰਾਹੀਂ ਦੇਣ ਅਤੇ ਫਿਰ ਉਸ ਫ਼ਸਲ ਨੂੰ ਯਕੀਨੀ ਮੰਡੀਕਰਨ ਪ੍ਰਦਾਨ ਕਰਨ। ਪਿੱਛੇ ਜਿਹੇ ਕੇਂਦਰ ਸਰਕਾਰ ਨੇ ਜੜ੍ਹੀਆਂ-ਬੂਟੀਆਂ ਦੀ ਬਰਾਮਦ ਨੂੰ ਉਤਸ਼ਾਹਤ ਕਰਨ ਲਈ ਕਈ ਐਲਾਨ ਕੀਤੇ ਸਨ, ਉਨ੍ਹਾਂ ਦਾ ਕਿਸਾਨ ਤਾਂ ਹੀ ਲਾਭ ਲੈ ਸਕਦੇ ਹਨ ਜੇ ਉਨ੍ਹਾਂ ਨੂੰ ਸਬੰਧਤ ਜੜ੍ਹੀਆਂ-ਬੂਟੀਆਂ ਦੀ ਕੀਮਤ ਬਾਰੇ ਜਾਣਕਾਰੀ ਹੋਵੇ ਜੋ ਵਿਸ਼ੇਸ਼ ਵਪਾਰੀ ਹੀ ਦੇ ਸਕਦੇ ਹਨ। ਸੋ, ਠੇਕੇ ਦੀ ਖੇਤੀ ਦੀ ਮਹੱਤਤਾ ਨੂੰ ਸਾਹਮਣੇ ਰੱਖਦੇ ਹੋਏ ਇਸ ਦੀ ਸਫ਼ਲਤਾ ਲਈ ਠੋਸ ਯਤਨ ਕਰਨੇ ਚਾਹੀਦੇ ਹਨ।



ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵਲੋਂ ਲਗਾਏ ਜਾਂਦੇ ਕਿਸਾਨ ਮੇਲਿਆਂ ਦੀ ਅਹਿਮ ਭੂਮਿਕਾ ਹੈ । ਜਿਸ ਤਰ੍ਹਾਂ ਵੱਡੀ ਗਿਣਤੀ ਵਿੱਚ ਕਿਸਾਨ ਇਸ ਮੇਲੇ ਵਿੱਚ ਆਉਂਦੇ ਹਨ ਅਜਿਹਾ ਉਤਸ਼ਾਹ ਹੋਰ ਕਿਤੇ ਵੀ ਵੇਖਣ ਨੂੰ ਨਹੀਂ ਮਿਲਦਾ । ਪਹਿਲੇ ਮੇਲੇ ਸਮੇਂ ਯੂਨੀਵਰਸਿਟੀ ਵੱਲੋਂ ਕਣਕ ਝੋਨੇ ਦੀਆਂ ਵੱਧ ਝਾੜ ਦੇਣ ਵਾਲੀਆਂ ਕਿਸਮਾਂ ਦੇ ਬੀਜ ਦੋ ਕਿਲੋ ਦੀ ਥੈਲੀ ਦੇ ਰੂਪ ਵਿੱਚ ਦਿੱਤੇ ਗਏ ਸਨ ਜਿਸ ਨਾਲ ਇੱਕ ਹੀ ਸਾਲ ਵਿੱਚ ਨਵੇਂ ਬੀਜ ਪੰਜਾਬ ਦੇ ਸਾਰੇ ਪਿੰਡਾਂ ਵਿੱਚ ਪਹੁੰਚ ਗਏ । ਕਿਸਾਨ ਦਾ ਜਿਵੇਂ ਖਿੜੇ ਮੱਥੇ ਇਥੇ ਸਵਾਗਤ ਕੀਤਾ ਜਾਂਦਾ ਹੈ, ਅਜਿਹਾ ਹੋਰ ਕਿਸੇ ਵੀ ਸਰਕਾਰੀ ਅਦਾਰੇ ਵਲੋਂ ਨਹੀਂ ਕੀਤਾ ਜਾਂਦਾ ।



ਡਾ. ਰਣਜੀਤ ਸਿੰਘ

ਕਿਸਾਨ ਮੇਲੇ ਦੇ ਸਕਦੇ ਹਨ ਪੰਜਾਬ ਦੀ ਖੇਤੀ ਨੂੰ ਨਵਾਂ ਮੋੜ



ਜਿਸ ਤੇਜ਼ੀ ਨਾਲ ਸੱਠਵਿਆਂ ਦੇ ਦਹਾਕੇ ਵਿੱਚ ਪੰਜਾਬ ਅੰਦਰ ਖੇਤੀ ਵਿਕਾਸ ਹੋਇਆ, ਉਸ ਦੀ ਮਿਸਾਲ ਦੇਸ਼ ਵਿੱਚ ਤਾਂ ਕੀ ਸੰਸਾਰ ਵਿੱਚ ਵੀ ਕਿਧਰੇ ਨਹੀਂ ਮਿਲਦੀ । ਇਸ ਵਿਕਾਸ ਦੇ ਕਈ ਕਾਰਨ ਹਨ ਪਰ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵਲੋਂ ਲਗਾਏ ਜਾਂਦੇ ਕਿਸਾਨ ਮੇਲਿਆਂ ਦੀ ਇਸ ਵਿੱਚ ਅਹਿਮ ਭੂਮਿਕਾ ਹੈ । ਜਿਸ ਤਰ੍ਹਾਂ ਵੱਡੀ ਗਿਣਤੀ ਵਿੱਚ ਕਿਸਾਨ ਇਸ ਮੇਲੇ ਵਿੱਚ ਆਉਂਦੇ ਹਨ ਅਜਿਹਾ ਉਤਸ਼ਾਹ ਹੋਰ ਕਿਤੇ ਵੀ ਵੇਖਣ ਨੂੰ ਨਹੀਂ ਮਿਲਦਾ । ਪਹਿਲੇ ਮੇਲੇ ਸਮੇਂ ਯੂਨੀਵਰਸਿਟੀ ਵੱਲੋਂ ਕਣਕ ਝੋਨੇ ਦੀਆਂ ਵੱਧ ਝਾੜ ਦੇਣ ਵਾਲੀਆਂ ਕਿਸਮਾਂ ਦੇ ਬੀਜ ਦੋ ਕਿਲੋ ਦੀ ਥੈਲੀ ਦੇ ਰੂਪ ਵਿੱਚ ਦਿੱਤੇ ਗਏ ਸਨ ਜਿਸ ਨਾਲ ਇੱਕ ਹੀ ਸਾਲ ਵਿੱਚ ਨਵੇਂ ਬੀਜ ਪੰਜਾਬ ਦੇ ਸਾਰੇ ਪਿੰਡਾਂ ਵਿੱਚ ਪਹੁੰਚ ਗਏ । ਕਿਸਾਨ ਦਾ ਜਿਵੇਂ ਖਿੜੇ ਮੱਥੇ ਇਥੇ ਸਵਾਗਤ ਕੀਤਾ ਜਾਂਦਾ ਹੈ, ਅਜਿਹਾ ਹੋਰ ਕਿਸੇ ਵੀ ਸਰਕਾਰੀ ਅਦਾਰੇ ਵਲੋਂ ਨਹੀਂ ਕੀਤਾ ਜਾਂਦਾ । ਇਸੇ ਕਰਕੇ ਪਿਛਲੀ ਅੱਧੀ ਸਦੀ ਤੋਂ ਲੱਗ ਰਹੇ ਇਸ ਮੇਲੇ ਵਿੱਚ ਕਿਸਾਨ ਹੁੰਮ ਹੁਮਾ ਕੇ ਪਹੁੰਚਦੇ ਹਨ । ਉਨ੍ਹਾਂ ਨੂੰ ਯਕੀਨ ਹੁੰਦਾ ਹੈ ਕਿ ਉਨ੍ਹਾਂ ਦੀ ਸਮੱਸਿਆਵਾਂ ਦਾ ਹਲ ਯੂਨੀਵਰਸਿਟੀ ਦੇ ਮਾਹਿਰ ਹੀ ਦਸ ਸਕਦੇ ਹਨ । ਇਹ ਵੀ ਮਾਣ ਵਾਲੀ ਗੱਲ ਹੈ ਕਿ ਬਿਨਾਂ ਕਿਸੇ ਨਾਗੇ ਤੋਂ ਇਹ ਮੇਲੇ ਪਿਛਲੀ ਅੱਧੀ ਸਦੀ ਤੋਂ ਹਰ ਸਾਲ ਲੱਗੇ ਹਨ ਤੇ ਦਰਸ਼ਕਾਂ ਦੇ ਉਤਸ਼ਾਹ ਵਿੱਚ ਕੋਈ ਫ਼ਰਕ ਨਹੀਂ ਪਿਆ । ਜਿਸ ਵਰ੍ਹੇ ਕਿਸਾਨਾਂ ਨੂੰ ਇਹ ਖ਼ਬਰ ਪਹੁੰਚ ਜਾਵੇ ਕਿ ਇਸ ਵਾਰ ਕਿਸੇ ਨਵੀਂ ਕਿਸਮ ਦਾ ਬੀਜ ਦਿੱਤਾ ਜਾਵੇਗਾ ਉਸ ਵਰ੍ਹੇ ਤਾਂ ਉਨ੍ਹਾਂ ਦਾ ਰਿਕਾਰਡ ਤੋੜ ਇਕੱਠ ਹੋ ਜਾਂਦਾ ਹੈ । ਜਦੋਂ ਕਿਸੇ ਵਰ੍ਹੇ ਕੋਈ ਵੱਡੀ ਸਮੱਸਿਆ ਆ ਜਾਵੇ ਉਸ ਸਾਲ ਵੀ ਕਿਸਾਨਾਂ ਦੀ ਗਿਣਤੀ ਵਿੱਚ ਚੋਖਾ ਵਾਧਾ ਹੁੰਦਾ ਹੈ । ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਇੱਕ-ਇੱਕ ਅਜਿਹੀ ਸੰਸਥਾ ਹੈ ਜਿਸ ਬਾਰੇ ਪੰਜਾਬ ਦੇ ਸਾਰੇ ਕਿਸਾਨ ਜਾਣੂ ਹਨ । ਪੰਜਾਬ ਦਾ ਸ਼ਾਇਦ ਹੀ ਕੋਈ ਅਜਿਹਾ ਕਿਸਾਨ ਹੋਵੇਗਾ ਜਿਹੜਾ ਮੇਲਾ ਵੇਖਣ ਨਾ ਆਇਆ ਹੋਵੇ । ਲੁਧਿਆਣਾ ਦੇ ਕਿਸਾਨ ਮੇਲੇ ਵਿੱਚ ਕਿਸੇ ਵਰ੍ਹੇ ਵੀ 50 ਹਜ਼ਾਰ ਤੋਂ ਘੱਟ ਕਿਸਾਨ ਨਹੀਂ ਆਏ ਸਗੋਂ ਉਨ੍ਹਾਂ ਦੀ ਗਿਣਤੀ ਵੱਧ ਹੀ ਹੁੰਦੀ ਹੈ । ਕਿਸਾਨ ਹੀ ਨਹੀਂ ਸਰਕਾਰ ਨੂੰ ਯਕੀਨ ਹੋ ਗਿਆ ਹੈ ਸੂਬੇ ਦੀ ਕਿਸੇ ਵੀ ਖੇਤੀ ਸੰਬੰਧੀ ਸਮੱਸਿਆ ਨੂੰ ਇਹ ਯੂਨੀਵਰਸਿਟੀ ਹੀ ਦੂਰ ਕਰ ਸਕਦੀ ਹੈ ।

ਯੂਨੀਵਰਸਿਟੀ ਦੀ ਦੇਖ ਰੇਖ ਹੇਠਾਂ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਹੀ ਕ੍ਰਿਸ਼ੀ ਵਿਗਿਆਨ ਕੇਂਦਰ ਖੁੱਲ੍ਹ ਗਏ ਹਨ । ਕਿਸਾਨਾਂ ਨੇ ਮੁੜ ਯੂਨੀਵਰਸਿਟੀ ਵਲੋਂ ਵਿਕਸਤ ਫ਼ਸਲਾਂ ਦੀਆਂ ਨਵੀਆਂ ਕਿਸਮਾਂ ਦੀ ਕਾਸ਼ਤ ਸ਼ੁਰੂ ਕਰ ਲਈ ਹੈ । ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਪੰਜਾਬ ਵਿੱਚ ਕਾਸ਼ਤ ਲਈ ਸਿਫ਼ਾਰਸ਼ ਕੀਤੀਆਂ ਫ਼ਸਲਾਂ ਦੀਆਂ ਕਿਸਮਾਂ ਨੂੰ ਹੀ ਬੀਜਣਾ ਚਾਹੀਦਾ ਹੈ, ਕਿਉਂਕਿ, ਇਹ ਸਿਫ਼ਾਰਸ਼ ਪੂਰੀ ਘੋਖ ਪੜਤਾਲ ਕਰਨ ਪਿੱਛੋਂ ਹੀ ਕੀਤੀ ਜਾਂਦੀ ਹੈ । ਹੁਣ ਇਹ ਬੀਜ ਤੇ ਖੇਤੀ ਸਾਹਿਤ ਆਪਣੇ ਜ਼ਿਲ੍ਹੇ ਦੇ ਕ੍ਰਿਸ਼ੀ ਵਿਗਿਆਨ ਕੇਂਦਰ ਤੋਂ ਵੀ ਖਰੀਦਿਆ ਜਾ ਸਕਦਾ ਹੈ ।

ਪੰਜਾਬ ਦੀ ਖੇਤੀ ਇਸ ਸਮੇਂ ਕਈ ਸਮੱਸਿਆਵਾਂ ਨਾਲ ਜੂਝ ਰਹੀ ਹੈ । ਪੰਜਾਬ ਦੀ ਖੇਤੀ ਵਿਕਾਸ ਦਰ ਜਿਹੜੀ ਕਦੇ ਸਾਰੇ ਦੇਸ਼ ਤੋਂ ਵੱਧ ਸੀ ਹੁਣ ਸਭ ਤੋਂ ਘੱਟ ਗਈ ਹੈ । ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪੰਜਾਬ ਦੇ ਕਿਸਾਨ ਦੀ ਆਮਦਨ ਦੇਸ਼ ਦੇ ਦੂਜੇ ਕਿਸਾਨਾਂ ਨਾਲੋਂ ਵੱਧ ਹੈ ਪਰ ਇਹ ਵੀ ਸੱਚ ਹੈ ਕਿ ਪੰਜਾਬ ਦਾ ਕਿਸਾਨ ਇੱਕ ਚੰਗਾ ਜੀਵਨ ਜੀਉਣ ਦਾ ਆਦੀ ਹੋ ਚੁੱਕਾ ਹੈ । ਅਸਲ ਵਿੱਚ ਪੰਜਾਬ ਵਿੱਚ ਚੋਧਰ ਕਿਸਾਨਾਂ ਦੀ ਹੈ । ਇਸੇ ਕਰਕੇ ਛੋਟੇ ਕਿਸਾਨਾਂ ਨੂੰ ਆਪਣੇ ਸਮਾਜਕ ਪੱਧਰ ਨੂੰ ਬਣਾਈ ਰੱਖਣ ਲਈ ਵਿਤੋਂ ਵੱਧ ਖ਼ਰਚਾ ਕਰਨਾ ਪੈਂਦਾ ਹੈ । ਇਸੇ ਕਰਕੇ ਪੰਜਾਬ ਦੇ ਬਹੁਗਿਣਤੀ ਕਿਸਾਨ ਕਰਜ਼ਾਈ ਹਨ । ਪੰਜਾਬ ਵਿੱਚ ਹੀ ਕਿਸਾਨ ਖ਼ੁਦਕੁਸ਼ੀਆਂ ਦੀ ਗਿਣਤੀ ਵੱਧ ਹੈ । ਪੰਜਾਬ ਵਿੱਚ ਛੋਟੇ ਕਿਸਾਨਾਂ ਦੀ ਆਮਦਨ ਵਿੱਚ ਵਾਧੇ ਲਈ ਨਵੇਂ ਢੰਗ ਤਰੀਕਿਆਂ ਦੀ ਲੋੜ ਹੈ । ਪੰਜਾਬ ਦੀ ਸਾਰੀ ਧਰਤੀ ਸੋਜੂ ਹੈ । ਇੱਥੇ ਸਬਜ਼ੀਆਂ ਦੀ ਕਾਸ਼ਤ, ਬਾਗਬਾਨੀ, ਪਸ਼ੂ ਪਾਲਣ ਬਹੁਤ ਹੀ ਸਫ਼ਲਤਾ ਨਾਲ ਕੀਤੇ ਜਾ ਸਕਦੇ ਹਨ । ਹੁਣ ਕਿਸਾਨਾਂ ਕੋਲ ਵਿਹਲ ਹੈ । ਇਸ ਵਿਹਲ ਨੂੰ ਦੂਰ ਕਰਨ ਲਈ ਛੋਟੇ ਕਿਸਾਨਾਂ ਲਈ ਅਜਿਹੇ ਪੈਕੇਜ ਤਿਆਰ ਕਰਨ ਦੀ ਲੋੜ ਹੈ ਜਿਸ ਨਾਲ ਉਨ੍ਹਾਂ ਦੇ ਰੁਝੇਵਿਆਂ ਅਤੇ ਆਮਦਨ ਵਿੱਚ ਵਾਧਾ ਹੋਵੇ । ਕਿਰਤ ਕਰਨ ਵੱਲ ਮੋੜ

ਬਾਕੀ ਸਫਾ 6 'ਤੇ



ਪੰਜਾਬ ਦਾ ਸ਼ਾਇਦ ਹੀ ਕੋਈ ਅਜਿਹਾ ਕਿਸਾਨ ਹੋਵੇਗਾ ਜਿਹੜਾ ਮੇਲਾ ਵੇਖਣ ਨਾ ਆਇਆ ਹੋਵੇ । ਲੁਧਿਆਣਾ ਦੇ ਕਿਸਾਨ ਮੇਲੇ ਵਿੱਚ ਕਿਸੇ ਵਰ੍ਹੇ ਵੀ 50 ਹਜ਼ਾਰ ਤੋਂ ਘੱਟ ਕਿਸਾਨ ਨਹੀਂ ਆਏ ਸਗੋਂ ਉਨ੍ਹਾਂ ਦੀ ਗਿਣਤੀ ਵੱਧ ਹੀ ਹੁੰਦੀ ਹੈ । ਕਿਸਾਨ ਹੀ ਨਹੀਂ ਸਰਕਾਰ ਨੂੰ ਯਕੀਨ ਹੋ ਗਿਆ ਹੈ ਸੂਬੇ ਦੀ ਕਿਸੇ ਵੀ ਖੇਤੀ ਸੰਬੰਧੀ ਸਮੱਸਿਆ ਨੂੰ ਇਹ ਯੂਨੀਵਰਸਿਟੀ ਹੀ ਦੂਰ ਕਰ ਸਕਦੀ ਹੈ ।

No.1
RURAL WEEKLY
Now Think Before Advertising
KHETI DUNIYAN RETAINS
LEADERSHIP
IN
READERSHIP



KHETI DUNIYAN
VOICE OF THE FARMERS
KD COMPLEX, GAUSHALA ROAD, NEAR SHER-E-PUNJAB MARKET, PATIALA-147001 (PB.) INDIA
Mob. 90410-14575
khetiduniyan1983@gmail.com

ਸਫਲਤਾ ਪੂਰਵਕ ਸਿਰਕਾ ਬਨਾਉਣ ਲਈ ਜ਼ਰੂਰੀ ਨੁਕਤੇ

ਗੁਰਵਿੰਦਰ ਸਿੰਘ ਕੋਚਰ ਅਤੇ ਕੇਸ਼ਾਨੀ, ਮਾਈਕਰੋਬਾਇਆਲੋਜੀ
ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 94172-30896

ਪੀ. ਏ. ਯੂ. ਕਿਸਾਨਾਂ ਨੂੰ ਸਿਰਕੇ ਦੇ ਉਤਪਾਦਨ ਲਈ ਸਿਖਲਾਈ ਪ੍ਰਦਾਨ ਕਰਦੀ ਹੈ ਤਾਂਕਿ ਕਿਸਾਨ ਇਸ ਨੂੰ ਆਮਦਨ ਦੇ ਸਰੋਤ ਵਜੋਂ ਅਪਣਾ ਕੇ ਲਾਭ ਪ੍ਰਾਪਤ ਕਰਨ । ਇਹਨਾਂ ਸਿਖਲਾਈਆਂ ਦੇ ਦੌਰਾਨ ਕਿਸਾਨਾਂ ਦੇ ਆਮ ਸਵਾਲ ਕੁਦਰਤੀ ਸਿਰਕੇ ਦੇ ਉਤਪਾਦਨ ਦੀ ਵਿਧੀ ਅਤੇ ਖਾਸ ਨੁਕਤਿਆਂ ਨਾਲ ਸੰਬੰਧਿਤ ਹੁੰਦੇ ਹਨ । ਖਮੀਰੀਕਰਣ ਰਾਹੀਂ ਗੰਨੇ ਅਤੇ ਫ਼ਲਾਂ ਦਾ ਸਿਰਕਾ ਤਿਆਰ ਕਰਨਾ ਇੱਕ ਦੋਹਰੇ ਖਮੀਰੀਕਰਣ ਦੀ ਕਿਰਿਆ ਹੈ ਜੋ ਕਿ ਤਕਰੀਬਨ ਇੱਕ ਮਹੀਨਾ ਲੈ ਲੈਂਦੀ ਹੈ । ਇਸ ਦੌਰਾਨ ਹਰ ਕਦਮ ਤੇ ਹੇਠਾਂ ਦੱਸੇ ਨੁਕਤਿਆਂ ਦਾ ਖਿਆਲ ਰੱਖੋ :-

1. ਗੰਨੇ ਦਾ ਰਸ ਪੀੜਣ ਉਪਰੰਤ ਛੇਤੀ ਨਾਲ ਹਲਕੇ ਉਬਾਲ ਤੇ ਲਿਆਉਣਾ ਚਾਹੀਦਾ ਹੈ ਅਤੇ ਮਲਮਲ ਦੇ ਕਪੜੇ ਨਾਲ ਢੱਕ ਕੇ ਹੀ ਠੰਡਾ ਕਰਨਾ ਚਾਹੀਦਾ ਹੈ । ਜ਼ਿਆਦਾ ਉਬਾਲ ਰਸ ਵਿੱਚਲੀ ਖੰਡ ਨੂੰ ਸਾਫ਼ ਦਿੰਦਾ ਹੈ ।

2. ਗੰਨੇ ਦਾ ਰਸ ਦੇ ਉਬਾਲ ਅਤੇ ਖਮੀਰ ਨਾਲ ਜਾਗ ਲਗਾਉਣ ਵਿਚਲਾ ਸਮਾਂ 12-16 ਘੰਟੇ ਦੇ ਵਿੱਚ ਹੀ ਹੋਣਾ ਚਾਹੀਦਾ ਹੈ । ਜ਼ਿਆਦਾ ਸਮਾਂ ਰਸ ਨੂੰ ਗਾੜਾ ਕਰਦਾ ਹੈ ।

3. ਅੰਗੂਰ, ਸੇਬ, ਜਾਮਣ ਆਦਿ ਫ਼ਲਾਂ ਨੂੰ ਪੋਟਾਸ਼ੀਅਮ ਮੈਟਾਬਾਈਸਲਫਾਈਟ (ਕੇ. ਐਮ. ਐਸ.) ਦੇ 1 ਗ੍ਰਾ./10 ਲਿ. ਵਾਲੇ ਪਾਣੀ ਨਾਲ ਰਸ ਕੱਢਣ ਤੋਂ ਪਹਿਲਾਂ ਧੋਣਾ ਚਾਹੀਦਾ ਹੈ ।

4. ਰਸ ਕੱਢਣ ਉਪਰੰਤ ਉਸ ਵਿੱਚ 1 ਗ੍ਰਾ/10 ਲਿ. ਦੇ ਅਨੁਪਾਤ ਨਾਲ ਕੇ. ਐਮ. ਐਸ. ਪਾ ਕੇ ਰਾਤ ਭਰ ਰੱਖਣਾ ਚਾਹੀਦਾ ਹੈ ।

5. ਕਿਸੇ ਵੀ ਰਸ ਦੀ ਖੰਡ ਘਣਤਾ 16-17 ਬਰਿਕਸ ਤੋਂ ਵੱਧ ਨਹੀਂ ਹੋਣੀ ਚਾਹੀਦੀ । ਇਸ ਨਾਲ ਬਣਨ ਵਾਲੀ ਅਲਕੋਹਲ ਦੀ ਗਣਤਾ ਵੱਧ-ਘੱਟ ਹੋ ਸਕਦੀ ਹੈ ਜੋ ਕਿ ਸਿਰਕੇ ਦੀ ਯੋਗਤਾ ਨੂੰ ਫ਼ਰਕ ਪਾਉਂਦੀ ਹੈ ।

6. ਜਾਗ ਤਿਆਰ ਕਰਨ ਲਈ ਇਸਤੇਮਾਲ ਵਿੱਚ ਆਉਣ ਵਾਲੇ ਗੁੜ ਦੇ ਘੋਲ ਨੂੰ ਖਮੀਰ ਪਾਉਣ ਤੋਂ ਪਹਿਲਾਂ ਠੰਡਾ ਕਰਨਾ ਚਾਹੀਦਾ ਹੈ ।

7. ਖਮੀਰੀਕਰਣ ਦੌਰਾਨ ਇਸਤੇਮਾਲ ਹੋਣ ਵਾਲੇ ਸਾਰੇ ਬਰਤਨ (ਪਲਾਸਟਿਕ, ਸਟੀਲ ਆਦਿ) ਉਬਲਦੇ ਪਾਣੀ ਨਾਲ ਸਾਫ ਕੀਤੇ ਹੋਣੇ ਚਾਹੀਦੇ ਹਨ ।

8. ਖਮੀਰ ਦਾ ਜਾਗ 24 ਘੰਟੇ ਤੋਂ ਵੱਧ ਪੁਰਾਣਾ ਨਾ ਹੋਵੇ ।

9. ਖਮੀਰ ਦਾ ਜਾਗ ਲਗਾਉਣ ਉਪਰੰਤ ਰਸ ਨੂੰ ਪਹਿਲੇ ਦਿਨ ਵਾਰ-ਵਾਰ ਹਿਲਾਂਦੇ ਰਹੋ ਤਾਂ ਕਿ ਪੂਰੀ ਹਵਾ ਦੇ ਘੋਲ ਆਪਸ ਵਿੱਚ ਰਚ ਜਾਣ ਅਤੇ ਜਾਗ ਚੰਗੀ ਤਰ੍ਹਾਂ ਪ੍ਰਫੁਲਿਤ ਹੋ ਜਾਵੇ ।

10. ਅਲਕੋਹਲ ਦੇ ਖਮੀਰੀਕਰਣ ਉਪਰੰਤ (ਜੋ ਕਿ ਬੁਲਬਲਿਆਂ ਦੇ ਬੰਦ ਹੋਣ ਤੋਂ ਅਨੁਮਾਨਿਤ ਕੀਤਾ ਜਾ ਸਕਦਾ ਹੈ), ਖਮੀਰੀਕਰਣ ਦੇ ਡਰੰਮ ਨੂੰ ਦੋ ਦਿਨਾਂ ਲਈ ਕਿਸੇ ਠੰਡੀ ਜਗ੍ਹਾਂ ਤੇ ਰੱਖੋ । ਇਸ ਨਾਲ ਖਮੀਰ ਥੱਲੇ ਬੈਠ ਜਾਵੇਗਾ ਤੇ ਅਲਕੋਹਲ ਦਾ ਘੋਲ ਸਾਫ ਹੋ ਜਾਵੇਗਾ ।

11. ਬੈਕਟੀਰੀਆ ਦਾ ਜਾਗ ਅਤੇ ਪੁਰਾਣਾ ਸਿਰਕਾ ਕਦੇ ਵੀ ਇਕੱਠੇ ਨਾ ਪਾਉ । ਪਹਿਲਾ ਪੁਰਾਣਾ ਸਿਰਕਾ ਪਾ ਕੇ ਅਲਕੋਹਲ ਵਾਲੇ ਘੋਲ ਨੂੰ ਚੰਗੀ ਤਰ੍ਹਾਂ ਮਿਲਾ ਲਵੋ । ਉਸ ਉਪਰੰਤ 36-48 ਘੰਟੇ ਪੁਰਾਣਾ ਐਸੀਟੋਬੈਕਟਰ ਬੈਕਟੀਰੀਆ ਦਾ ਜਾਗ ਪਾਉ ।

12. ਦੂਜੇ ਖਮੀਰੀਕਰਣ ਦਾ ਜਾਗ ਲਗਾਉਣ ਉਪਰੰਤ ਅਲਕੋਹਲ ਵਾਲੇ ਘੋਲ ਨੂੰ ਇੱਕ ਹਫਤਾ ਹਿਲਾਉ । ਜਾਂ ਫਿਰ ਇਸ ਘੋਲ ਨੂੰ ਡੱਡੂ ਪੰਪ ਦੀ ਮਦਦ ਨਾਲ 3 ਦਿਨ ਲਈ ਹਿਲਾਉ । ਇਸ ਨਾਲ ਬੈਕਟੀਰੀਆ ਦਾ ਜਾਗ ਪ੍ਰਫੁਲਤ ਹੋਣ ਵਿੱਚ ਮਦਦ ਮਿਲਦੀ ਹੈ ।

13. ਬੈਕਟੀਰੀਆ ਦੀ ਪਰਤ/ਝਿੱਲੀ ਬਣਨ ਤੋਂ ਬਾਅਦ ਉਸਨੂੰ ਨਾ ਹਿਲਾਉ, ਸਗੋਂ ਇਹ ਝਿੱਲੀ ਖਮੀਰੀਕਰਣ ਤੋਂ ਬਾਅਦ ਆਪ ਮੁਹਾਰੇ ਥੱਲੇ ਬੈਠ ਜਾਂਦੀ ਹੈ ।

14. 20-25 ਦਿਨ ਬਾਅਦ ਜਦੋਂ ਝਿਲੀ ਟੁੱਟਦੀ/ਬੈਠਦੀ ਹੈ, ਸਿਰਕੇ ਦੀ ਤੇਜਾਬੀ ਮਾਤਰਾ (ਐਸੀਟਿਕ ਐਸਿਡ) ਨੂੰ ਟੈਸਟ ਕਰਵਾ ਲਵੋ । ਬਣਨ ਉਪਰੰਤ ਸਾਫ ਸਿਰਕੇ ਨੂੰ ਬੋਤਲਾਂ ਵਿੱਚ ਭਰ ਕੇ ਪਾਸਚਰੀਕਰਣ ਕਰ ਲਵੋ । ਇਸ ਦੌਰਾਨ ਬੋਤਲਾਂ ਦੇ ਢੱਕਣ ਥੋੜ੍ਹੇ ਢਿੱਲੇ ਰੱਖੋ ਅਤੇ ਬਾਅਦ ਵਿੱਚ (ਠੰਡਾ ਹੋਣ ਬਾਅਦ) ਕਸ ਲਵੋ ।

ਬਾਕੀ ਸਫਾ 5 ਦੀ

ਕਿਸਾਨ ਮੇਲੇ ਦੇ ਸਕਦੇ ਹਨ ਪੰਜਾਬ ਦੀ ਖੇਤੀ ਨੂੰ ਨਵਾਂ ਮੋੜ

ਪਉਣ ਲਈ ਮਸ਼ੀਨਾਂ ਅਤੇ ਸੰਦ ਬਣਾਏ ਜਾਣ ਜਿਨ੍ਹਾਂ ਨਾਲ ਕੰਮ ਕਰਨਾ ਸੌਖਾ ਹੋ ਜਾਵੇ । ਪ੍ਰਣਾਲੀ ਦੀ ਸਾਂਭ ਸੰਭਾਲ ਦੇ ਚੰਗ ਤਰੀਕਿਆਂ ਨੂੰ ਵਿਕਸਤ ਕਰਨਾ ਤੇ ਉਨ੍ਹਾਂ ਦਾ ਪ੍ਰਦਰਸ਼ਨ ਕਰਨਾ ਜ਼ਰੂਰੀ ਹੈ ।



ਮੇਲੇ ਨੂੰ ਨਵਾਂ ਰੂਪ ਦੇ ਕੇ ਕਿਸਾਨ ਦੀਆਂ ਲੋੜਾਂ ਆਧਾਰਿਤ ਪ੍ਰਦਰਸ਼ਨੀਆਂ ਲਗਾਈਆਂ ਜਾਣ । ਉਨ੍ਹਾਂ ਦੀ ਆਮਦਨ ਵਿੱਚ ਕਿਵੇਂ ਵਾਧਾ ਕੀਤਾ ਜਾ ਸਕਦਾ ਹੈ । ਇਸ ਸੰਬੰਧੀ ਵਿਸ਼ੇਸ਼ ਵਿਚਾਰ ਰੌਸ਼ਨੀ ਅਤੇ ਪ੍ਰਦਰਸ਼ਨੀ ਹੋਣੀ ਚਾਹੀਦੀ ਹੈ ।

ਪੰਜਾਬ ਵਿੱਚ ਜਿਨਸ ਦੇ ਮੰਡੀਕਰਨ ਦੀ ਸਮੱਸਿਆ ਹੈ । ਕੇਵਲ ਕਣਕ ਅਤੇ ਝੋਨਾ ਹੀ ਹੈ ਜਿਸ ਨੂੰ ਸਰਕਾਰ ਇੱਕ ਮਿੱਥੀ ਕੀਮਤ ਉੱਤੇ ਖਰੀਦਦੀ ਹੈ । ਦੂਜੀਆਂ ਜਿਨਸਾਂ ਜਦੋਂ ਮੰਡੀ ਵਿੱਚ ਆਉਂਦੀਆਂ ਹਨ ਤਾਂ ਕੀਮਤਾਂ ਹੇਠਾਂ ਆ ਜਾਂਦੀਆਂ ਹਨ । ਸੁਚੱਜੇ ਮੰਡੀਕਰਨ ਬਾਰੇ ਕਿਸਾਨਾਂ ਨੂੰ ਜਾਣਕਾਰੀ ਦੇਣੀ ਜ਼ਰੂਰੀ ਹੈ । ਆਪਣੇ ਗਰੁੱਪ ਬਣਾ ਕੇ ਉਹ ਕਿਵੇਂ ਆਪਣੀ ਉਪਜ ਦੀ ਵਿਕਰੀ ਕਰ ਸਕਦੇ ਹਨ ਇਸ ਬਾਰੇ ਵੀ ਦੱਸਿਆ ਜਾਵੇ । ਉਪਜ ਦਾ ਪਦਾਰਥੀਕਰਨ ਕਿਵੇਂ ਕੀਤਾ ਜਾਵੇ ਤੇ ਇਸ ਦੀ ਵਿਕਰੀ ਕਿਵੇਂ ਹੋਵੇ ਇਹ ਜਾਣਕਾਰੀ ਵੀ ਜ਼ਰੂਰੀ ਹੈ । ਇਸ ਸਮੇਂ ਲੋੜ ਕਿਸਾਨਾਂ ਦੇ ਮੁਨਾਫੇ ਵਿੱਚ ਵਾਧਾ ਕਰਨ ਦੀ ਹੈ । ਛੋਟੇ ਕਿਸਾਨਾਂ ਲਈ ਪੈਕੇਜ ਤਿਆਰ ਕੀਤੇ ਜਾਣ ਤਾਂ ਜੋ ਉਹ ਮਿੱਸੀ ਖੇਤੀ ਰਾਹੀਂ ਆਪਣੀ ਆਮਦਨ ਅਤੇ ਰੁਜ਼ਗਾਰ ਵਿੱਚ ਵਾਧਾ ਕਰ ਲੈਣ ।

ਮੇਲੇ ਵਿੱਚ ਇਹ ਵੇਖਣ ਨੂੰ ਮਿਲਿਆ ਹੈ ਕਿ ਯੂਨੀਵਰਸਿਟੀ ਦੇ ਬਹੁਤੇ ਵਿਭਾਗ ਹਰ ਸਾਲ ਇੱਕ ਤਰ੍ਹਾਂ ਦੀ ਹੀ ਪ੍ਰਦਰਸ਼ਨੀ ਲਗਾਉਂਦੇ ਹਨ । ਅਜਿਹੇ ਅੰਕੜਿਆਂ ਭਰੇ ਚਾਰਟਾਂ ਵਾਲੀ ਪ੍ਰਦਰਸ਼ਨੀ ਵਿੱਚ ਬਹੁਤੇ ਕਿਸਾਨ ਦਿਲਚਸਪੀ ਨਹੀਂ ਲੈਂਦੇ । ਇਸੇ ਦੁਹਰਾਉ ਨੂੰ ਦੂਰ ਕਰਨ ਲਈ ਕਈ ਦਹਾਕੇ ਪਹਿਲਾਂ ਅਸੀਂ ਫੈਸਲਾ ਕੀਤਾ ਸੀ ਕਿ ਪੰਜਾਬ ਦੀ ਕਿਸਾਨੀ ਨੂੰ ਦਰਪੇਸ਼ ਕਿਸੇ ਅਹਿਮ ਸਮੱਸਿਆ ਆਧਾਰਿਤ ਹਰ ਵਰ੍ਹੇ ਮੇਲੇ ਦੀ ਇੱਕ ਥੀਮ ਨਿਰਧਾਰਿਤ ਕੀਤੀ ਜਾਵੇ । ਯੂਨੀਵਰਸਿਟੀ ਦੇ ਸਾਰੇ ਵਿਭਾਗ ਇਸ ਥੀਮ ਨਾਲ ਸੰਬੰਧਿਤ ਗਿਆਨ ਅਤੇ ਸੰਭਾਵਨਾਵਾਂ ਦਾ ਪ੍ਰਦਰਸ਼ਨ ਕਰਨ । ਕੁਝ ਵਰ੍ਹੇ ਇਸੇ ਅਨੁਸਾਰ ਸਟਾਲ ਅਤੇ ਪ੍ਰਦਰਸ਼ਨੀਆਂ ਸਜਦੀਆਂ ਰਹੀਆਂ ਪਰ ਹੁਣ ਇਹ ਥੀਮ ਇੱਕ ਰਸਮ ਹੀ ਬਣਦੀ ਜਾ ਰਹੀ ਹੈ । ਮੇਲੇ ਵਿੱਚ ਇਸ ਸੰਬੰਧੀ ਕੋਈ ਵਿਸ਼ੇਸ਼ ਸਟਾਲ ਜਾਂ ਪ੍ਰਦਰਸ਼ਨੀ ਨਹੀਂ ਲਗਾਈ ਜਾਂਦੀ ਹੈ ।

ਕਿਸਾਨਾਂ ਨੂੰ ਯੂਨੀਵਰਸਿਟੀ ਉੱਤੇ ਸਭ ਤੋਂ ਵੱਧ ਭਰੋਸਾ ਹੈ ਅਤੇ ਕਿਸਾਨ ਮੇਲਾ ਉਨ੍ਹਾਂ ਦੀਆਂ ਸਮੱਸਿਆਵਾਂ ਦੇ ਸਭਾਵੀਂ ਹਲ ਦੱਸਣ ਦਾ ਸਭ ਤੋਂ ਵਧੀਆ ਵਸੀਲਾ ਹੈ । ਇਸ ਵਿੱਚ ਕੋਈ ਸ਼ਕ ਨਹੀਂ ਕਿ ਹੁਣ ਸੋਸ਼ਲ ਮੀਡੀਏ ਦਾ ਬੋਲਬਾਲਾ ਹੈ ਪਰ ਕਿਸਾਨਾਂ ਤੱਕ ਨਵਾਂ ਗਿਆਨ ਪਹੁੰਚਾਉਣ ਤੇ ਉਨ੍ਹਾਂ ਨੂੰ ਅਪਨਾਉਣ ਲਈ ਉਤਸ਼ਾਹਿਤ ਕਰਨ ਵਿੱਚ ਕਿਸਾਨ ਮੇਲਿਆਂ ਤੋਂ ਵੱਧ ਹੋਰ ਕੋਈ ਵੀ ਵਧੀਆ ਵਸੀਲਾ ਨਹੀਂ ਹੈ । ਮੌਜੂਦਾ ਵਾਈਸ ਚਾਂਸਲਰ ਵਿਚ ਬਹੁਤ ਜੋਸ਼ ਹੈ ਕਿ ਉਹ ਆਪ ਇੱਕ ਪ੍ਰਸਿੱਧ ਵਿਗਿਆਨੀ ਹਨ । ਯੂਨੀਵਰਸਿਟੀ ਦੀ ਦਿਖ ਨੂੰ ਸੁੰਦਰ ਬਣਾਉਣ ਲਈ ਉਹ ਵਿਸ਼ੇਸ਼ ਉਪਰਾਲੇ ਕਰ ਰਹੇ ਹਨ । ਇਸੇ ਤਰ੍ਹਾਂ ਇਸ ਵਾਰ ਕਿਸਾਨ ਮੇਲੇ ਨੂੰ ਨਵੀਂ ਦਿੱਖ ਦੇ ਕੇ ਆਪਣੀਆਂ ਪ੍ਰਾਪਤੀਆਂ ਦੀ ਸੂਚੀ ਇੱਕ ਹੋਰ ਮਹੱਤਵਪੂਰਨ ਵਾਧਾ ਕਰ ਸਕਦੇ ਹਨ ।

ਇਸ ਵਾਰ ਲੁਧਿਆਣੇ ਦਾ ਮੇਲਾ 20 ਅਤੇ 21 ਮਾਰਚ ਨੂੰ ਹੋ ਰਿਹਾ ਹੈ । ਜਿਹੜੇ ਕਿਸਾਨ ਇਥੇ ਨਹੀਂ ਆ ਸਕਦੇ ਉਹ ਆਪਣੇ ਨੇੜੇ ਦੇ ਮੇਲੇ ਵਿੱਚ ਜ਼ਰੂਰ ਜਾਣ । ਕਿਸਾਨਾਂ ਨੂੰ ਮੇਰੀ ਬੇਨਤੀ ਹੈ ਕਿ ਕੇਵਲ ਬੀਜ ਖਰੀਦ ਕੇ ਹੀ ਵਾਪਸੀ ਨਾ ਕੀਤੀ ਜਾਵੇ ਸਗੋਂ ਸਾਰੇ ਮੇਲੇ ਨੂੰ ਵੇਖਿਆ ਜਾਵੇ । ਆਪਣੀਆਂ ਸਮੱਸਿਆਵਾਂ ਬਾਰੇ ਮਾਹਿਰਾਂ ਨਾਲ ਵਿਚਾਰ ਵਟਾਂਦਰਾ ਕਰੋ । ਉਨ੍ਹਾਂ ਦੇ ਫੋਨ ਨੰਬਰ ਲੈ ਕੇ ਆਵੋ ਤਾਂ ਜੋ ਲੋੜ ਪੈਣ ਤੇ ਸੰਪਰਕ ਕੀਤਾ ਜਾ ਸਕੇ । ਪੰਜਾਬ ਵਿੱਚ ਦੁਧਾਰੂ ਪਸ਼ੂਆਂ ਦੀ ਗਿਣਤੀ ਘੱਟ ਰਹੀ ਹੈ । ਇਹ ਚਿੰਤਾ ਦਾ ਵਿਸ਼ਾ ਹੈ । ਇਸ ਵਾਰ ਪਸ਼ੂ ਪਾਲਣ ਮੇਲੇ ਵਿੱਚ ਇਸ ਬਾਰੇ ਚਰਚਾ ਜ਼ਰੂਰ ਹੋਣੀ ਚਾਹੀਦੀ ਹੈ ।

ਬਾਕੀ ਸਫਾ 3 ਦੀ

ਮਾਰਚ ਮਹੀਨੇ ਦਾ ਕਿਸਾਨ ਮੇਲਾ

ਦੇ ਸਟਾਲ ਮੇਲਾ ਗਰਾਊਂਡ ਵਿੱਚ ਵੜਨ ਸਾਰ ਹੀ ਕਿਸਾਨ ਵੀਰਾਂ ਦੀ ਨਜ਼ਰੀ ਪੈ ਜਾਂਦੇ ਹਨ । ਇਸ ਤੋਂ ਇਲਾਵਾ ਲੁਧਿਆਣਾ ਵਿੱਚ ਲੱਦਰੀ ਕਿਸਾਨ ਮੇਲੇ ਦੇ ਨਾਲ-ਨਾਲ ਦੋ ਦਿਨਾਂ ਪਸ਼ੂ ਪਾਲਣ ਮੇਲਾ 'ਗੁਰੂ ਅੰਗਦ ਦੇਵ ਵੈਟੇਰਨਰੀ ਅਤੇ ਐਨੀਮਲ ਸਾਇੰਸਸ ਯੂਨੀਵਰਸਿਟੀ' ਵਿੱਚ ਲਗਾਇਆ ਜਾਂਦਾ ਹੈ ਅਤੇ ਇਸ ਮੇਲੇ ਵਿੱਚ ਦੁਧਾਰੂ ਪਸ਼ੂਆਂ ਦੀਆਂ ਪ੍ਰਦਰਸ਼ਨੀਆਂ ਆਦਿ ਖਾਸ



ਤੌਰ 'ਤੇ ਕਿਸਾਨ ਵੀਰਾਂ ਲਈ ਲਗਾਈਆਂ ਜਾਂਦੀਆਂ ਹਨ । ਇਸ ਤੋਂ ਇਲਾਵਾ ਪਸ਼ੂ-ਧਨ ਪ੍ਰਦਰਸ਼ਨੀਆਂ ਦੀਆਂ ਸਟਾਲਾਂ ਵੀ ਕਿਸਾਨ ਵੀਰਾਂ ਦੇ ਠਾਠਾਂ ਮਾਰਦੇ ਇਕੱਠ ਲਈ ਖਿੱਚ ਦਾ ਕੇਂਦਰ ਬਣੀਆਂ ਰਹਿੰਦੀਆਂ ਹਨ । ਚੰਗੀ ਨਸਲ ਦੀਆਂ ਮੱਝਾਂ, ਗਾਵਾਂ, ਬੱਕਰੀਆਂ, ਸੂਰ, ਮੁਰਗੀਆਂ ਅਤੇ ਮੱਛੀਆਂ ਆਦਿ ਬਾਰੇ ਹਰ ਤਰ੍ਹਾਂ ਦੀ ਜਾਣਕਾਰੀ ਪਸ਼ੂ ਮੇਲਾ ਗਰਾਊਂਡ ਪ੍ਰਦਰਸ਼ਨੀ ਵਿੱਚ ਕਿਸਾਨ ਵੀਰਾਂ ਨਾਲ ਸਾਂਝੀ ਕਰੀ ਜਾਂਦੀ ਹੈ । ਇਸ ਤੋਂ ਇਲਾਵਾ ਪਸ਼ੂਆਂ ਦੇ ਸੰਤੁਲਿਤ ਚਾਰੇ ਅਤੇ ਪੌਸ਼ਟਿਕਤਾ ਭਰਪੂਰ ਫੀਡ ਵੀ ਕਿਸਾਨ ਮੇਲੇ 'ਤੇ ਸਟਾਲਾਂ ਦਾ ਸ਼ਿੰਗਾਰ ਬਣਦੇ ਹਨ ।

ਇਕ ਹੋਰ ਬਹੁਤ ਹੀ ਮਹੱਤਵਪੂਰਨ ਜਾਣਕਾਰੀ ਇਹ ਹੈ ਕਿ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ 'ਖੇਤੀ ਸੰਦੇਸ਼' ਨਾਮ ਦਾ ਡਿਜ਼ੀਟਲ ਅਖ਼ਬਾਰ ਜਾਰੀ ਕੀਤਾ ਗਿਆ ਹੈ, ਜੋ ਕਿਸਾਨ ਵੀਰਾਂ ਲਈ ਖੇਤੀ ਨਾਲ ਸੰਬੰਧਿਤ ਜਾਣਕਾਰੀ ਲੈ ਕੇ ਆਉਂਦਾ ਹੈ । ਇਸ ਅਖ਼ਬਾਰ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਸਿੱਧਾ ਤੁਹਾਡੇ ਮੋਬਾਇਲ ਫੋਨ ਉੱਪਰ ਪਹੁੰਚਦਾ ਹੈ । ਇਸ ਅਖ਼ਬਾਰ ਨੂੰ ਹਾਸਿਲ ਕਰਨ ਲਈ ਮੋਬਾਇਲ ਨੰਬਰ 8288057707 'ਤੇ ਮਿਸ ਕਾਲ ਕਰੋ ਜਾਂ ਇਸੇ ਹੀ ਨੰਬਰ 'ਤੇ ਵ੍ਹਟਸਐਪ ਰਾਹੀਂ ਆਪਣਾ ਨਾਂ, ਪਿੰਡ ਤੇ ਜ਼ਿਲ੍ਹੇ ਦਾ ਨਾਮ ਲਿਖ ਕੇ ਮੈਸਜ ਕਰੋ, ਤਾਂ ਜੋ ਖੇਤੀਬਾੜੀ ਦੀਆਂ ਵਿਗਿਆਨਕ ਤਕਨੀਕਾਂ ਦੀ ਜਾਣਕਾਰੀ ਸਿੱਧੀ ਤੁਹਾਡੇ ਤੱਕ ਪਹੁੰਚ ਸਕੇ । ਪਿਛਲੇ ਕਿਸਾਨ ਮੇਲੇ ਤੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਇੱਕ ਮੋਬਾਇਲ ਐਪ 'ਪੀਏਯੂ ਕਿਸਾਨ ਐਪ' ਵੀ ਮੁਹੱਈਆ ਕਰਵਾਈ ਗਈ ਹੈ । ਜੋ ਕਿਸੇ ਵੀ ਸਮਰਾਟ ਫੋਨ 'ਤੇ ਡਾਊਨਲੋਅਡ ਕਰੀ ਜਾ ਸਕਦੀ ਹੈ । ਇਸ ਕਿਸਾਨ ਐਪ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿੱਚ ਖੇਤੀਬਾੜੀ ਨਾਲ ਸੰਬੰਧਿਤ ਜ਼ਿਲ੍ਹਾ ਪੱਧਰੀ ਜਾਣਕਾਰੀ ਪੰਜਾਬੀ ਵਿੱਚ ਸਿੱਧਾ ਤੁਹਾਡੇ ਫੋਨ 'ਤੇ ਮੁਹੱਈਆ ਕਰਵਾਈ ਗਈ ਹੈ ।

ਇਸ ਤੋਂ ਇਲਾਵਾ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ, ਕਿਸਾਨਾਂ ਨੂੰ ਸਮਾਜਿਕ ਪੱਖਾਂ ਅਤੇ ਜ਼ਿੰਮੇਵਾਰੀਆਂ ਸੰਬੰਧੀ ਵੀ ਸੁਚੇਤ ਕੀਤਾ ਜਾਂਦਾ ਹੈ । 'ਸਾਦੇ ਵਿਆਹ - ਸਾਦੇ ਭੋਗ ਨਾ ਕਰਜ਼ਾ ਨਾ ਚਿੰਤਾ ਰੋਗ' ਵੱਲ ਕਿਸਾਨਾਂ ਦਾ ਧਿਆਨ ਕੇਂਦ੍ਰਿਤ ਕਰਨ ਨਾਲ ਕਿਸਾਨਾਂ ਨੂੰ ਪ੍ਰੇਰਿਤ ਕੀਤਾ ਜਾਂਦਾ ਹੈ । ਇਸ ਵਿਸ਼ੇ ਸੰਬੰਧੀ ਕਿਸਾਨਾਂ ਨੂੰ ਖੁਸ਼ੀ ਅਤੇ ਗਮੀ ਮੌਕੇ ਸਾਦੇ ਸਮਾਗਮ ਕਰਨ ਲਈ ਪ੍ਰੇਰਿਆ ਜਾਂਦਾ ਹੈ ਅਤੇ ਹਜ਼ਾਰਾਂ ਕਿਸਾਨਾਂ ਨੇ ਪਿਛਲੇ ਮੇਲਿਆਂ ਵਿੱਚ ਤਹਿਤ ਲਗਾਏ ਵਿਸ਼ੇਸ਼ ਬੈਨਰ ਤੇ ਆਪਣੇ ਦਸਤਖ਼ਤ ਕਰਕੇ ਭਵਿੱਖ ਵਿੱਚ ਸਧਾਰਨ ਤੇ ਘੱਟ ਖਰਚ ਵਾਲੇ ਪ੍ਰੋਗਰਾਮ ਕਰਨ ਦਾ ਪ੍ਰਣ ਵੀ ਲਿਆ । ਕਿਸਾਨ ਮੇਲੇ ਵਿੱਚ ਖੇਤੀ ਜਿਣਸਾਂ ਦੇ ਮੁਕਾਬਲੇ ਵੀ ਕਰਵਾਏ ਜਾਂਦੇ ਹਨ ਅਤੇ ਜੇਤੂਆਂ ਨੂੰ ਇਨਾਮ ਦਿੱਤੇ ਜਾਂਦੇ ਹਨ । ਇਸ ਤੋਂ ਇਲਾਵਾ ਅਗਾਂਹਵਧੂ ਕਿਸਾਨਾਂ ਨੂੰ ਉਨ੍ਹਾਂ ਦੀਆਂ ਵਿਗਿਆਨਕ ਢੰਗਾਂ ਨਾਲ ਖੇਤੀ ਕਰਕੇ ਖੇਤੀ ਖੇਤਰ ਵਿੱਚ ਮਾਰੀਆਂ ਮੱਲਾਂ ਲਈ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਜਾਂਦਾ ਹੈ ਤਾਂ ਜੋ ਬਾਕੀ ਕਿਸਾਨ ਉਨ੍ਹਾਂ ਤੋਂ ਪ੍ਰੇਰਨਾ ਲੈ ਕੇ ਵਿਗਿਆਨਿਕ ਖੇਤੀਬਾੜੀ ਵੱਲ ਉਤਸ਼ਾਹਿਤ ਹੋਣ ।

ਕਿਸਾਨ ਵੀਰੋ, ਤੁਹਾਨੂੰ ਸਾਰਿਆਂ ਨੂੰ ਇਨ੍ਹਾਂ ਕਿਸਾਨ ਮੇਲਿਆਂ ਵਿੱਚ ਪਹੁੰਚਣ ਦੀ ਪੁਰਜ਼ੋਰ ਅਪੀਲ ਕੀਤੀ ਜਾਂਦੀ ਹੈ । ਚੰਗਾ ਹੋਵੇਗਾ ਜੇਕਰ ਕਿਸਾਨਾਂ ਦੇ ਬੱਚੇ ਅਤੇ ਬੱਚੀਆਂ ਵੀ ਇਨ੍ਹਾਂ ਮੇਲਿਆਂ ਵਿੱਚ ਸ਼ਿਰਕਤ ਕਰਨ । ਕਿਉਂਕਿ ਵਿਗਿਆਨੀਆਂ ਨਾਲ ਰੂ-ਬ-ਰੂ ਹੋ ਕੇ ਬੱਚਿਆਂ ਅੰਦਰ ਕਈ ਤਰ੍ਹਾਂ ਦੇ ਨਵੇਂ ਵਿਚਾਰ ਉਤਪੰਨ ਹੁੰਦੇ ਹਨ ਅਤੇ ਉਹ ਵਿਗਿਆਨੀ ਬਣਨ ਦਾ ਸੁਪਨਾ ਵੀ ਦੇਖ ਸਕਦੇ ਹਨ । ਯੂਨੀਵਰਸਿਟੀ ਵਿੱਚ ਪੜ੍ਹਾਏ ਜਾ ਰਹੇ ਡਿਗਰੀ ਅਤੇ ਡਿਪਲੋਮਾ ਕੋਰਸਾਂ ਦੀ ਜਾਣਕਾਰੀ ਵੀ ਤੁਹਾਨੂੰ ਕਿਸਾਨ ਮੇਲਿਆਂ ਵਿੱਚ ਮੁਹੱਈਆ ਹੁੰਦੀ ਹੈ ਜਿਸ ਨਾਲ ਅੱਜ ਦੇ ਕਿਸਾਨ ਬੱਚੇ ਕੱ

ਭਾਰਤ-ਅਮਰੀਕਾ ਵਪਾਰ ਸਮਝੌਤਾ ਭਾਰਤ ਦੇ ਖ਼ਿਲਾਫ਼?

ਭਾਰਤ-ਅਮਰੀਕਾ ਵਪਾਰ ਸਮਝੌਤਾ ਭਾਰਤ ਲਈ ਵੱਡੇ ਖ਼ਤਰਿਆਂ ਦਾ ਸਰੋਤ ਵੀ ਬਣ ਸਕਦਾ ਹੈ ਜਿਸ ਵਿੱਚ ਵਪਾਰ ਘਾਟਾ, ਦੂਹਰੀ ਨਿਰਭਰਤਾ, ਖੇਤੀਬਾੜੀ ਦੇ ਛੋਟੇ ਉਦਯੋਗ ਧੰਦਿਆਂ ਦਾ ਨੁਕਸਾਨ, ਡੇਟਾ ਸੰਪ੍ਰਭੁਤਾ ਦੀ ਕਮਜ਼ੋਰੀ ਤੇ ਨੀਤੀਗਤ ਆਜ਼ਾਦੀ ਸ਼ਾਮਿਲ ਹਨ । ਇਸ ਲਈ ਭਾਰਤ ਨੂੰ ਇਸ ਸਮਝੌਤੇ ਨੂੰ ਸਿਰਫ਼ ਰਾਸ਼ਟਰੀ ਹਿੱਤਾਂ ਤੇ ਲੰਮੇ ਸਮੇਂ ਦੀ ਆਤਮ-ਨਿਰਭਰਤਾ ਨੂੰ ਧਿਆਨ ਵਿੱਚ ਰੱਖ ਕੇ ਹੀ ਅੱਗੇ ਵਧਾਉਣਾ ਚਾਹੀਦਾ ਹੈ, ਨਹੀਂ ਤਾਂ ਇਹ ਸਮਝੌਤਾ ਭਾਰਤ ਨੂੰ ਰਣਨੀਤਕ ਕਮਜ਼ੋਰੀ ਵੱਲ ਲਿਜਾ ਸਕਦਾ ਹੈ ।



ਡਾ. ਰਾਜੀਵ ਖੋਸਲਾ ਤੇ ਡਾ. ਗੁਰਦੀਪ ਸਿੰਘ, ਫੈਕਲਟੀ ਮੈਂਬਰ,
ਐਮਿਟੀ ਯੂਨੀਵਰਸਿਟੀ ਪੰਜਾਬ, ਮੁਹਾਲੀ (ਸੰਪਰਕ : 79860-36776)

ਵੀਹ ਫ਼ਰਵਰੀ 2026 ਨੂੰ ਅਮਰੀਕਾ ਦੀ ਸੁਪਰੀਮ ਕੋਰਟ ਨੇ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਦਰਾਮਦਾਂ 'ਤੇ ਲਗਾਏ ਗਏ ਟੈਰਿਫਾਂ ਨੂੰ ਕਾਨੂੰਨੀ ਤੌਰ 'ਤੇ ਅਸੰਵਿਧਾਨਕ ਕਰਾਰ ਦਿੱਤਾ । ਅਦਾਲਤ ਨੇ ਸਪੱਸ਼ਟ ਕੀਤਾ ਕਿ ਅਮਰੀਕਾ ਵਿੱਚ 1977 ਵਿੱਚ ਬਣੇ ਅੰਤਰਰਾਸ਼ਟਰੀ ਐਮਰਜੈਂਸੀ ਆਰਥਿਕ ਅਧਿਕਾਰ ਕਾਨੂੰਨ (ਆਈ ਈ ਈ ਪੀ ਏ) ਰਾਸ਼ਟਰਪਤੀ ਨੂੰ ਸਿਰਫ਼ ਐਮਰਜੈਂਸੀ ਦੀ ਸਥਿਤੀ ਵਿੱਚ ਵੀ ਦਰਾਮਦਾਂ 'ਤੇ ਨਿਯੰਤਰਣ ਕਰਨ ਦੇ ਸੀਮਿਤ ਅਧਿਕਾਰ ਦਿੰਦਾ ਹੈ । ਅਦਾਲਤ ਨੇ ਇਹ ਵੀ ਦੱਸਿਆ ਕਿ ਸੰਸਦ ਦੀ ਮਨਜ਼ੂਰੀ ਤੋਂ ਬਿਨਾਂ ਰਾਸ਼ਟਰਪਤੀ ਵੱਲੋਂ ਇਕਤਰਫ਼ਾ ਢੰਗ ਨਾਲ ਟੈਰਿਫ ਲਗਾਉਣਾ ਇਸ ਕਾਨੂੰਨ ਦੇ ਦਾਇਰੇ ਤੋਂ ਬਾਹਰ ਹੈ । ਅਦਾਲਤ ਨੇ ਜ਼ੋਰ ਦੇ ਕੇ ਕਿਹਾ ਕਿ ਪਿਛਲੇ ਪੰਜਾਹ ਸਾਲਾਂ ਵਿੱਚ ਕਿਸੇ ਵੀ ਰਾਸ਼ਟਰਪਤੀ ਦੇ ਦੌਰ ਵਿੱਚ ਇਸ ਕਾਨੂੰਨ ਦੀ ਇੰਨੀ ਗਲਤ ਵਰਤੋਂ ਨਹੀਂ ਹੋਈ, ਜਿੰਨੀ ਟਰੰਪ ਦੇ ਦੌਰ ਵਿੱਚ ਹੋਈ ਹੈ । ਇਸ ਫ਼ੈਸਲੇ ਨਾਲ ਅਮਰੀਕਾ ਵਿੱਚ ਅਧਿਕਾਰਾਂ ਬਾਰੇ ਸਿਆਸੀ ਮਸਲੇ ਪੈਦਾ ਹੋਏ ਹਨ, ਪਰ ਦੁਨੀਆਂ ਭਰ ਦੇ ਵਿੱਤੀ ਬਾਜ਼ਾਰਾਂ ਨੇ ਇਸ ਦਾ ਬੜਾ ਨਿੱਘਾ ਸਵਾਗਤ ਕੀਤਾ, ਜਿਸ ਨਾਲ ਸਟਾਕ ਮਾਰਕੀਟ ਵਿੱਚ ਉਛਾਲ ਆਇਆ ।

ਇਹ ਅਸਵੰਦੀ ਬਹੁਤ ਥੋੜ੍ਹਾ ਸਮਾਂ ਹੀ ਕਾਇਮ ਰਹਿ ਸਕੀ । ਅਮਰੀਕੀ ਸੁਪਰੀਮ ਕੋਰਟ ਵੱਲੋਂ ਫ਼ੈਸਲਾ ਸੁਣਾਏ ਜਾਣ ਦੇ ਕੁਝ ਹੀ ਘੰਟਿਆਂ ਅੰਦਰ ਰਾਸ਼ਟਰਪਤੀ ਡੋਨਲਡ ਟਰੰਪ ਨੇ ਸਪੱਸ਼ਟ ਕੀਤਾ ਕਿ ਵਿਸ਼ਵ ਅਰਥਵਿਵਸਥਾਵਾਂ 'ਤੇ ਵਪਾਰਕ ਪਾਬੰਦੀਆਂ ਅਤੇ ਦਰਾਮਦਾਂ 'ਤੇ ਟੈਰਿਫ ਰਾਸ਼ਟਰੀ ਸੁਰੱਖਿਆ ਦੀ ਧਾਰਾ 232 ਅਤੇ ਗੈਰ ਨਿਆਂਇਕ ਵਪਾਰਕ ਜਾਂਚ ਦੀ ਧਾਰਾ 301 ਅਧੀਨ ਜਾਰੀ ਰਹਿਣਗੇ । ਇਸ ਤੋਂ ਇਲਾਵਾ 1974 ਦੇ ਵਪਾਰ ਕਾਨੂੰਨ ਦੀ ਧਾਰਾ 122 ਅਧੀਨ ਅਮਰੀਕਾ ਨੇ ਦੁਨੀਆ ਭਰ ਦੀਆਂ ਅਰਥਵਿਵਸਥਾਵਾਂ 'ਤੇ ਨਵਾਂ 10 ਫ਼ੀਸਦੀ ਟੈਰਿਫ (ਜਿਸ ਨੂੰ ਬਾਅਦ ਵਿੱਚ 15 ਫ਼ੀਸਦੀ ਤੱਕ ਵਧਾਇਆ) ਲਾਗੂ ਕੀਤਾ । ਇਹ ਧਾਰਾ ਅਮਰੀਕਾ ਦੇ ਭੁਗਤਾਨ ਸੰਤੁਲਨ ਨੂੰ ਸੁਧਾਰਨ ਦੇ ਨਾਂ 'ਤੇ ਸੰਸਦ ਦੀ ਮਨਜ਼ੂਰੀ ਤੋਂ ਬਿਨਾਂ ਡੇਢ ਸੌ ਦਿਨਾਂ ਤੱਕ ਅਸਥਾਈ ਟੈਰਿਫ ਲਗਾਉਣ ਦੀ ਇਜਾਜ਼ਤ ਦਿੰਦੀ ਹੈ । ਇਸ ਘਟਨਾਕ੍ਰਮ ਨੇ ਸਾਫ਼ ਕਰ ਦਿੱਤਾ ਕਿ ਰਾਸ਼ਟਰਪਤੀ ਟਰੰਪ ਵੱਲੋਂ ਟੈਰਿਫ ਵੱਖ-ਵੱਖ ਵਿਕਲਪੀ ਤਰੀਕਿਆਂ ਰਾਹੀਂ ਮੁੜ ਤੇਜ਼ੀ ਨਾਲ ਲਾਗੂ ਕੀਤੇ ਜਾ ਸਕਦੇ ਹਨ ।

ਇਹੀ ਕਾਰਨ ਹੈ ਕਿ ਅਮਰੀਕਾ ਨਾਲ ਵਪਾਰ ਕਰਨਾ ਹੁਣ ਬਹੁਤ ਸਾਰੇ ਦੇਸ਼ਾਂ ਲਈ ਜੋਖ਼ਮ ਬਣ ਰਿਹਾ ਹੈ । ਅਮਰੀਕੀ ਬਾਜ਼ਾਰ ਤੱਕ ਪਹੁੰਚ ਦੀ ਲਗਾਤਾਰ ਅਸਥਿਰਤਾ ਦੇ ਮੱਦੇਨਜ਼ਰ ਭਾਰਤ ਨੇ ਵੀ ਅਮਰੀਕਾ ਨਾਲ ਦੁਵੱਲੇ ਵਪਾਰਕ ਸਮਝੌਤਿਆਂ ਬਾਰੇ ਚੱਲ ਰਹੀ ਗੱਲਬਾਤ ਨੂੰ ਅਸਥਾਈ ਤੌਰ 'ਤੇ ਰੋਕ ਦਿੱਤਾ ਹੈ । ਅਮਰੀਕਾ ਵੱਲੋਂ ਟੈਰਿਫ ਕਦੇ ਹਟਾਉਣ, ਕਦੇ ਘਟਾਉਣ ਅਤੇ ਫਿਰ ਅਚਾਨਕ ਮੁੜ ਸਖ਼ਤੀ ਨਾਲ ਲਾਗੂ ਕਰਨ ਕਰਕੇ ਭਾਰਤ ਲੰਮੇ ਸਮੇਂ ਦੀਆਂ ਅਟੱਲ ਵਚਨਬੱਧਤਾਵਾਂ ਸਵੀਕਾਰ ਕਰਨ ਤੋਂ ਝਿਜਕ ਰਿਹਾ ਹੈ । ਇਸ ਸਮਝੌਤੇ ਨਾਲ ਭਾਰਤ ਦੀ ਨੀਤੀਗਤ ਖ਼ੁਦਮੁਖ਼ਤਿਆਰੀ 'ਤੇ ਅਸਰ ਪੈ ਸਕਦਾ ਹੈ ।

ਭਾਰਤ ਦੀਆਂ ਚੋਣਵੀਆਂ ਖੇਤੀਬਾੜੀ ਦਰਾਮਦਾਂ (ਅਰਬ ਅਮਰੀਕੀ ਡਾਲਰ ਵਿੱਚ)

ਵਸਤੂ / ਉਤਪਾਦ	2023-24 (ਅਸਲ)	2024-25 (ਅਨੁਮਾਨਿਤ)	2025-26 (ਅਨੁਮਾਨਿਤ, ਸਮਝੌਤੇ ਦੇ ਅਸਰ ਸਮੇਤ)
ਖਾਣਯੋਗ ਤੇਲ (ਅਮਰੀਕਾ ਤੋਂ ਸੋਇਆਬੀਨ ਤੇਲ ਦਾ ਤੇਜ਼ੀ ਨਾਲ ਵਾਧਾ)	19.5	21.2	22.5-24
ਦਾਲਾਂ	3.1	3.8	4.2
ਡੇਅਰੀ ਉਤਪਾਦ	0.6	0.9	1.3
ਮੱਕੀ ਅਤੇ ਚਾਰੇ ਵਾਲੇ ਅਨਾਜ (ਪਸ਼ੂ ਚਾਰੇ ਲਈ ਵਰਤੇ ਜਾਣ ਵਾਲੇ ਡਿਸਟਿਲਰਜ਼ ਡਰਾਈਡ ਅਨਾਜ ਅਤੇ ਜਵਾਰ ਰਾਹੀਂ ਅਸਿੱਧੀ ਦਰਾਮਦ ਸਮੇਤ)	1.2	1.6	2.0-2.5
ਸੋਇਆਬੀਨ	1.5	1.9	2.4-3
ਕੁੱਲ ਖੇਤੀਬਾੜੀ ਦਰਾਮਦਾਂ	29	33.4	37-40

ਸਰੋਤ : ਵਪਾਰ ਵਿਭਾਗ/ਪੀ ਆਈ ਬੀ ਅਤੇ ਗਲੋਬਲ ਰਿਪੋਰਟਾਂ

ਬਦਲਦੀਆਂ ਨਿਰਭਰਤਾਵਾਂ ਅਤੇ ਵਧਦੀਆਂ ਬਾਹਰੀ ਅਸਮਾਨਤਾਵਾਂ

ਵੱਡੇ ਪੱਧਰ 'ਤੇ ਭਾਰਤ-ਅਮਰੀਕਾ ਵਪਾਰ ਸਮਝੌਤੇ ਦੇ ਉਪਬੰਧ ਭਾਰਤ ਦੇ ਹੱਕ ਵਿੱਚ ਨਹੀਂ ਦਿਸਦੇ । ਸ਼ਾਇਦ ਇਸ ਕਾਰਨ ਭਵਿੱਖ ਵਿੱਚ ਭਾਰਤ ਚੀਨ ਤੋਂ ਇਲਾਵਾ ਅਮਰੀਕਾ ਤੋਂ ਵੀ ਵੱਡੀ ਮਾਤਰਾ ਵਿੱਚ ਦਰਾਮਦਾਂ ਕਰਨ ਲਈ ਬੱਝ ਜਾਵੇ । ਇਸ ਸਮੇਂ ਭਾਰਤ ਚੀਨ ਤੋਂ ਬਿਜਲੀ ਅਤੇ ਇਲੈਕਟ੍ਰਾਨਿਕ ਉਪਕਰਣ (ਸਮਾਰਟਫੋਨ, ਇੰਟੀਗ੍ਰੇਟਿਡ ਸਰਕਿਟ, ਕੰਪਿਊਟਰ, ਲਿਥੀਅਮ ਆਇਨ ਬੈਟਰੀਆਂ), ਮਸ਼ੀਨਰੀ, ਫਾਰਮਾਸਿਊਟੀਕਲ ਸਮੱਗਰੀ, ਰਸਾਇਣ, ਪਲਾਸਟਿਕ, ਖਾਦਾਂ ਅਤੇ ਹੋਰ ਨਿਯਮਿਤ ਵਸਤਾਂ ਦੀ ਵੱਡੀ ਮਾਤਰਾ ਵਿੱਚ ਦਰਾਮਦ ਕਰਦਾ ਹੈ, ਜਿਸ ਕਾਰਨ 2025 ਵਿੱਚ ਚੀਨ ਨਾਲ ਭਾਰਤ ਦਾ ਵਪਾਰ ਘਾਟਾ ਰਿਕਾਰਡ 116 ਅਰਬ ਡਾਲਰ ਤੱਕ ਪਹੁੰਚ ਗਿਆ । ਨਵਾਂ ਪ੍ਰਸਤਾਵਿਤ ਸਮਝੌਤਾ ਹੁਣ ਅਮਰੀਕਾ ਤੋਂ ਊਰਜਾ, ਹਵਾਈ ਜਹਾਜ਼, ਉੱਚ-ਤਕਨੀਕੀ ਸਾਮਾਨ, ਕੋਕਿੰਗ ਕੋਲ, ਕੀਮਤੀ ਧਾਤਾਂ, ਰੱਖਿਆ, ਉਪਕਰਣ ਅਤੇ ਕੁਝ ਖੇਤੀਬਾੜੀ ਉਤਪਾਦਾਂ ਦੀ ਵੱਡੀ ਖਰੀਦ ਨੂੰ ਹੋਰ ਤੇਜ਼ ਕਰੇਗਾ । ਭਾਰਤ ਲਈ ਖ਼ਤਰਾ ਇਹ ਹੈ ਕਿ ਚੀਨ 'ਤੇ ਕੇਂਦਰਿਤ ਨਿਰਭਰਤਾ ਦੀ ਥਾਂ ਹੁਣ ਦੂਹਰੀ ਦਰਾਮਦ ਨਿਰਭਰਤਾ ਬਣ ਜਾਵੇ, ਜੋ ਨਾ ਸਿਰਫ਼ ਵਪਾਰ ਘਾਟੇ ਨੂੰ ਵਧਾਏਗੀ ਸਗੋਂ ਭਾਰਤ ਦੇ ਚਾਲੂ ਖਾਤੇ ਅਤੇ ਰੁਪਏ 'ਤੇ ਵਾਧੂ ਦਬਾਅ ਪੈਦਾ ਕਰੇਗੀ ।

ਪ੍ਰਸਤਾਵਿਤ ਸਮਝੌਤੇ ਅਧੀਨ ਭਾਰਤ ਅਗਲੇ ਪੰਜ ਸਾਲਾਂ ਵਿੱਚ ਅਮਰੀਕਾ ਤੋਂ 500 ਅਰਬ ਡਾਲਰ ਤੋਂ ਵੱਧ ਦੇ ਉਤਪਾਦ ਖਰੀਦਣ ਲਈ ਵਚਨਬੱਧ ਹੋ ਜਾਂਦਾ ਹੈ । ਜ਼ਿਕਰਯੋਗ ਹੈ ਕਿ 2025 ਵਿੱਚ ਭਾਰਤ ਨੇ ਅਮਰੀਕਾ ਨਾਲ ਵਸਤੂ ਵਪਾਰ ਵਿੱਚ ਲਗਭਗ 58 ਅਰਬ ਡਾਲਰ ਦਾ ਵੱਡਾ ਵਪਾਰ ਸਰਪਲੱਸ ਦਰਜ ਕੀਤਾ ਸੀ । ਉਸ ਵੇਲੇ ਅਮਰੀਕਾ ਵੱਲੋਂ ਭਾਰਤ ਤੋਂ ਬਰਾਮਦਾਂ ਕਰੀਬ 103-105 ਅਰਬ ਡਾਲਰ ਰਹੀਆਂ ਜਦੋਂਕਿ ਭਾਰਤ ਵੱਲੋਂ ਅਮਰੀਕਾ ਤੋਂ ਦਰਾਮਦਾਂ ਲਗਭਗ 45-46 ਅਰਬ ਡਾਲਰ ਦੀਆਂ ਸਨ । ਹੁਣ ਸਮਝੌਤੇ ਤਹਿਤ ਟੈਰਿਫਾਂ ਵਿੱਚ ਕਟੌਤੀ ਅਤੇ ਅਮਰੀਕੀ ਵਸਤਾਂ ਦੀ ਵੱਡੇ ਪੱਧਰ 'ਤੇ ਦਰਾਮਦ ਲਈ ਕੀਤੀਆਂ ਗਈਆਂ ਵਚਨਬੱਧਤਾਵਾਂ ਕਾਰਨ ਦਰਾਮਦਾਂ ਵਿੱਚ ਤੇਜ਼ ਵਾਧਾ ਹੋ ਸਕਦਾ ਹੈ ਜਦੋਂਕਿ ਭਾਰਤੀ ਬਰਾਮਦਾਂ ਲਈ ਇਸ ਦੇ ਬਦਲੇ ਕੋਈ ਸਪੱਸ਼ਟ ਬੱਝਵੇਂ ਲਾਭ ਨਜ਼ਰ ਨਹੀਂ ਆਉਂਦੇ । ਇਨ੍ਹਾਂ ਹਾਲਾਤ ਵਿੱਚ ਅਮਰੀਕਾ ਨਾਲ ਭਾਰਤ ਦਾ ਮੌਜੂਦਾ ਵਪਾਰ ਸਰਪਲੱਸ ਘਟ ਕੇ ਵਪਾਰ ਘਾਟੇ ਵਿੱਚ ਤਬਦੀਲ ਹੋਣ ਦਾ ਖ਼ਤਰਾ ਹੈ । ਇੱਕ ਪਾਸੇ ਚੀਨ ਨਾਲ ਭਾਰਤ ਦਾ ਵਪਾਰ ਘਾਟਾ ਲਗਾਤਾਰ ਵਧ ਰਿਹਾ ਹੈ ਅਤੇ ਦੂਜੇ ਪਾਸੇ ਅਮਰੀਕਾ ਤੋਂ ਦਰਾਮਦਾਂ ਨੂੰ ਨੀਤੀਗਤ ਤੌਰ 'ਤੇ ਹੋਰ ਵਧਾਇਆ ਜਾ ਰਿਹਾ ਹੈ । ਇਸ ਦੂਹਰੇ ਦਬਾਅ ਹੇਠ ਭਾਰਤ ਦਾ ਵਪਾਰ ਉਦਾਰੀਕਰਨ ਤਾਕਤ ਦੀ ਥਾਂ ਕਮਜ਼ੋਰੀ ਵੱਲ ਜਾਂਦਾ ਦਿਸਦਾ ਹੈ, ਜਿਸ ਨਾਲ ਆਰਥਿਕਤਾ ਪੈਦਾ ਹੋਣ ਦਾ ਖ਼ਦਸ਼ਾ ਹੈ ।

ਖੇਤੀਬਾੜੀ, ਉਦਯੋਗ ਅਤੇ ਅਸਮਾਨ ਉਦਾਰੀਕਰਨ ਦੀ ਕੀਮਤ

ਭਾਰਤ-ਅਮਰੀਕਾ ਵਪਾਰ ਸਮਝੌਤੇ ਦੀ ਸਭ ਤੋਂ ਸੰਵੇਦਨਸ਼ੀਲ ਅਤੇ ਨਾਜ਼ੁਕ ਕੜੀ ਖੇਤੀਬਾੜੀ ਹੈ । ਸਮਝੌਤੇ ਤੋਂ ਪਹਿਲਾਂ ਹੀ ਭਾਰਤ ਨੇ ਅਮਰੀਕੀ ਵਸਤਾਂ 'ਤੇ ਟੈਰਿਫ ਘਟਾ ਕੇ ਅਤੇ ਦਰਾਮਦੀ ਨੀਤੀਆਂ ਨੂੰ ਉਦਾਰ ਬਣਾ ਕੇ ਅਮਰੀਕੀ ਖੇਤੀ ਉਤਪਾਦਾਂ ਲਈ ਆਪਣਾ ਬਾਜ਼ਾਰ ਖੋਲ੍ਹਣਾ ਸ਼ੁਰੂ ਕਰ ਦਿੱਤਾ ਸੀ, ਜਿਸ ਨਾਲ ਇਸ ਸਮਝੌਤੇ ਦੀ ਨੀਂਹ ਪਹਿਲਾਂ ਹੀ ਨਾਬਰਾਬਰੀ ਵਾਲੀ ਬਣ ਗਈ ਸੀ । 2025 ਵਿੱਚ ਕਪਾਹ 'ਤੇ 11 ਫ਼ੀਸਦੀ ਦਰਾਮਦੀ ਟੈਰਿਫ ਅਸਥਾਈ ਤੌਰ 'ਤੇ ਹਟਾਉਣ ਨਾਲ ਅਮਰੀਕੀ ਕਪਾਹ ਦੀ ਦਰਾਮਦ ਵਿੱਚ ਤੇਜ਼ ਵਾਧਾ ਹੋਇਆ ਅਤੇ ਦੇਸੀ ਕੀਮਤਾਂ ਨਿਊਨਤਮ ਸਮਰਥਨ ਮੁੱਲ ਤੋਂ ਹੇਠਾਂ ਚਲੀਆਂ ਗਈਆਂ, ਜਿਸ ਨਾਲ ਮਹਾਰਾਸ਼ਟਰ ਅਤੇ ਗੁਜਰਾਤ ਦੇ ਕਿਸਾਨਾਂ 'ਤੇ ਵੱਧ ਆਰਥਿਕ ਦਬਾਅ ਪਿਆ । ਇਸੇ ਤਰ੍ਹਾਂ ਸੋਇਆਬੀਨ ਤੇਲ 'ਤੇ ਟੈਰਿਫ 27.5 ਤੋਂ ਘਟਾ ਕੇ 16.5 ਫ਼ੀਸਦੀ ਕਰਨ ਨਾਲ ਇਸ ਦੀ ਦਰਾਮਦ ਵਧੀ ਅਤੇ ਮੰਡੀਆਂ ਵਿੱਚ ਕੀਮਤਾਂ ਨਿਊਨਤਮ ਸਮਰਥਨ ਮੁੱਲ ਤੋਂ ਹੇਠਾਂ ਤਿਲਕ ਗਈਆਂ, ਜਿਸ ਨਾਲ ਤੇਲ ਬੀਜ ਉਗਾਉਣ ਵਾਲੇ ਕਿਸਾਨ ਪ੍ਰਭਾਵਿਤ ਹੋਏ । ਸੇਬਾਂ ਦੇ ਮਾਮਲੇ ਵਿੱਚ 2019 ਵਿੱਚ ਭਾਰਤ ਵੱਲੋਂ ਲਾਗੂ ਕੀਤਾ ਗਿਆ ਵਾਧੂ 20 ਫ਼ੀਸਦੀ ਟੈਰਿਫ ਹਟਾਉਣ ਮਗਰੋਂ ਸਾਲ 2025 ਤੱਕ ਸੇਬ ਦੀ ਦਰਾਮਦ ਲਗਭਗ 60,000 ਟਨ ਤੱਕ ਪਹੁੰਚ ਗਈ, ਜਿਸ ਨਾਲ ਹਿਮਾਚਲ ਪ੍ਰਦੇਸ਼ ਅਤੇ ਕਸ਼ਮੀਰ ਦੇ ਬਾਗਬਾਨਾਂ ਲਈ ਸਮੱਸਿਆਵਾਂ ਖੜ੍ਹੀਆਂ ਹੋ ਗਈਆਂ । ਇਨ੍ਹਾਂ ਉਦਾਹਰਨਾਂ ਤੋਂ ਸਪੱਸ਼ਟ ਹੈ ਕਿ ਖੇਤੀਬਾੜੀ ਭਾਰਤ-ਅਮਰੀਕਾ ਵਪਾਰ ਸਮਝੌਤੇ ਦਾ ਸਭ ਤੋਂ ਸੰਵੇਦਨਸ਼ੀਲ ਮਸਲਾ ਕਿਉਂ ਹੈ ।



ਅਨਾਜ ਦੇ ਪੱਖ ਤੋਂ ਵੀ ਖ਼ਤਰੇ ਸਪੱਸ਼ਟ ਦਿਸਦੇ ਹਨ । ਸਾਲ 2025-26 ਦੌਰਾਨ ਭਾਰਤ ਵਿੱਚ ਮੱਕੀ ਦਾ ਉਤਪਾਦਨ 43 ਮਿਲੀਅਨ ਟਨ ਤੋਂ ਵੱਧ ਹੋਣ ਕਾਰਨ ਕੀਮਤਾਂ ਨਿਊਨਤਮ ਸਮਰਥਨ ਮੁੱਲ ਤੋਂ ਹੇਠਾਂ ਤਿਲਕ ਗਈਆਂ ਹਨ ਅਤੇ ਅਮਰੀਕਾ ਤੋਂ ਡੀ ਡੀ ਜੀ ਐੱਸ (ਪਸ਼ੂ ਚਾਰੇ ਲਈ ਵਰਤੇ ਜਾਣ ਵਾਲੇ ਅਨਾਜ) ਅਤੇ ਜਵਾਰ ਦੀ ਦਰਾਮਦ 'ਤੇ ਮਿਲੀ ਛੋਟ ਨਾਲ ਕੀਮਤਾਂ 'ਤੇ ਦਬਾਅ ਹੋਰ ਵਧ ਸਕਦਾ ਹੈ । ਇਸ ਨਾਲ ਕਿਸਾਨੀ ਆਮਦਨ ਘਟਣ ਦਾ ਖ਼ਤਰਾ ਹੈ । ਇਹੋ ਰੁਝਾਨ ਸਾਰਣੀ ਵਿੱਚ ਵੀ ਦਿਸਦੇ ਹਨ, ਜਿੱਥੇ ਖਾਣ ਯੋਗ ਤੇਲ, ਦਾਲਾਂ, ਡੇਅਰੀ ਉਤਪਾਦ, ਮੱਕੀ ਤੇ ਚਾਰੇ ਵਾਲੇ ਅਨਾਜ ਅਤੇ ਸੋਇਆਬੀਨ ਵਰਗੀਆਂ ਵਸਤੂਆਂ ਦੀ ਕੁੱਲ ਦਰਾਮਦ ਸਾਲ 2023-24 ਦੇ 29 ਅਰਬ ਡਾਲਰ ਤੋਂ ਵਧ ਕੇ ਸਾਲ 2025-26 ਵਿੱਚ 37-40 ਅਰਬ ਡਾਲਰ ਤੱਕ ਪਹੁੰਚਣ ਦਾ ਅਨੁਮਾਨ ਹੈ । ਭਾਰੀ ਸਰਕਾਰੀ ਸਹਾਇਤਾ ਪ੍ਰਾਪਤ ਅਮਰੀਕੀ ਖੇਤੀ ਉਤਪਾਦਾਂ ਦੀ ਦਰਾਮਦ ਭਾਰਤ ਦੇ ਛੋਟੇ ਅਤੇ ਸੀਮਾਂਤ ਕਿਸਾਨਾਂ ਲਈ ਨੁਕਸਾਨਦੇਹ ਹੋਵੇਗੀ ।

ਡਿਜੀਟਲ ਅਤੇ ਨੀਤੀਗਤ ਖੇਤਰ ਵਿੱਚ ਪਾਬੰਦੀਆਂ

ਵਿਸ਼ਵ ਵਪਾਰ ਸੰਗਠਨ ਦੇ ਅੰਕੜਿਆਂ ਅਨੁਸਾਰ ਭਾਰਤ ਦਾ ਲਾਗੂ ਟੈਰਿਫ ਔਸਤ ਲਗਭਗ 15 ਤੋਂ 17 ਫ਼ੀਸਦੀ ਹੈ ਜਦੋਂਕਿ ਅਮਰੀਕਾ ਦਾ ਔਸਤ ਟੈਰਿਫ ਹੁਣ ਤੱਕ ਕੇਵਲ 3 ਤੋਂ 4 ਫ਼ੀਸਦੀ ਹੀ ਰਿਹਾ ਹੈ । ਭਾਰਤ ਵੱਲੋਂ ਲਾਗੂ ਕੀਤੇ ਵੱਧ ਟੈਰਿਫ ਭਾਰਤ ਦੀ ਉਦਯੋਗਿਕ ਨੀਤੀ ਦੇ ਇੱਕ ਮੁੱਖ ਸਾਧਨ ਵਜੋਂ ਕੰਮ ਕਰਦੇ ਰਹੇ ਹਨ ਜੋ ਕਿ ਰੁਜ਼ਗਾਰ ਦਾ ਸਮਰਥਨ ਕਰਦੇ ਹੋਏ ਨਵੇਂ ਉਦਯੋਗਾਂ ਨੂੰ ਉਤਸ਼ਾਹਿਤ ਕਰਕੇ ਵਿੱਤੀ ਮਾਲੀਆ ਵੀ ਪੈਦਾ ਕਰਦੇ ਹਨ । ਭਾਰਤ ਦੁਆਰਾ ਅਮਰੀਕੀ ਉਦਯੋਗਿਕ ਅਤੇ ਖੇਤੀਬਾੜੀ ਉਤਪਾਦਾਂ 'ਤੇ ਟੈਰਿਫ ਘਟਾ ਕੇ 0 ਫ਼ੀਸਦੀ ਕਰਨਾ ਭਾਰਤ ਨੂੰ ਵੱਡਾ ਆਰਥਿਕ ਨੁਕਸਾਨ ਪਹੁੰਚਾਉਂਦਾ ਹੈ ।

ਸਮਝੌਤੇ ਅਨੁਸਾਰ ਭਵਿੱਖ ਵਿੱਚ ਅਮਰੀਕੀ ਤਕਨੀਕੀ, ਸੁਰੱਖਿਆ ਅਤੇ ਡਿਜੀਟਲ ਮਾਪਦੰਡਾਂ ਨੂੰ ਅਪਣਾਉਣਾ ਸਤਹੀ ਤੌਰ 'ਤੇ ਭਾਵੇਂ ਸੁਖਾਲਾ ਲੱਗ ਸਕਦਾ ਹੈ, ਪਰ ਅਸਲ ਵਿੱਚ ਇਹ ਛੋਟੇ ਅਤੇ ਦਰਮਿਆਨੇ ਉਦਯੋਗਾਂ ਲਈ ਨਿਯਮਾਂ ਦੀ ਪਾਲਣਾ ਨੂੰ ਬਹੁਤ ਮਹਿੰਗਾ ਬਣਾ ਸਕਦਾ ਹੈ । ਇਹ ਮਾਪਦੰਡ ਅਕਸਰ ਵੱਡੀਆਂ ਬਹੁਕੌਮੀ ਕੰਪਨੀਆਂ ਦੇ ਹੱਕ ਵਿੱਚ ਬਣਾਏ ਜਾਂਦੇ ਹਨ, ਜਿਨ੍ਹਾਂ ਕੋਲ ਪਹਿਲਾਂ ਹੀ ਉੱਚ ਪੱਧਰ ਦੀ ਤਕਨੀਕੀ ਅਤੇ ਵਿੱਤੀ ਸਮਰੱਥਾ ਹੁੰਦੀ ਹੈ । ਪਰ ਭਾਰਤੀ ਸੂਖਮ, ਲਘੂ ਅਤੇ ਦਰਮਿਆਨੇ ਉਦਯੋਗਾਂ ਲਈ ਨਵੇਂ ਸਰਟੀਫਿਕੇਸ਼ਨ, ਟੈਸਟਿੰਗ, ਉਪਕਰਣਾਂ ਵਿੱਚ ਬਦਲਾਅ ਅਤੇ ਨਿਯਮਿਤ ਆਡਿਟ ਕਰਵਾਉਣ ਵਰਗੇ ਕੰਮਾਂ ਨਾਲ ਲਾਗਤਾਂ ਅਚਾਨਕ 20 ਤੋਂ 30 ਫ਼ੀਸਦੀ ਜਾਂ ਇਸ ਤੋਂ ਵੀ ਵੱਧ ਸਕਦੀਆਂ ਹਨ । ਇਸ ਨਾਲ ਨਾ ਸਿਰਫ਼ ਉਨ੍ਹਾਂ ਦੀ ਮੁਨਾਫ਼ੇ ਦੀ ਸਮਰੱਥਾ ਘਟ ਜਾਂਦੀ ਹੈ, ਸਗੋਂ ਬਹੁਤ ਸਾਰੇ ਛੋਟੇ ਉਤਪਾਦਕ ਮੁਕਾਬਲੇ ਤੋਂ ਬਾਹਰ ਵੀ ਹੋ ਸਕਦੇ ਹਨ । ਡਿਜੀਟਲ ਅਰਥਵਿਵਸਥਾ ਵੀ ਇਸ ਵਪਾਰ ਸਮਝੌਤੇ ਵਿੱਚ ਵੱਡੀ ਜਟਿਲਤਾ ਜੋੜਦੀ ਹੈ । ਅਮਰੀਕਾ ਲੋਕਾਂ ਦੀ ਵਿਅਕਤੀਗਤ ਜਾਣਕਾਰੀ (ਡੇਟਾ) ਦੇ ਸਰਹੱਦ ਪਾਰ ਖੁਲ੍ਹੇ ਪ੍ਰਵਾਹ ਨੂੰ ਤਰਜੀਹ ਦਿੰਦਾ ਹੈ ਜਦੋਂਕਿ ਭਾਰਤ ਆਪਣੇ ਡੇਟਾ 'ਤੇ ਨਿਯੰਤਰਣ ਰੱਖਣ ਲਈ ਜਨਰਲ ਡੇਟਾ ਸੁਰੱਖਿਆ ਨਿਯਮਾਂ ਵਰਗੇ ਮਾਡਲ ਨੂੰ ਅਪਣਾਉਣਾ ਚਾਹੁੰਦਾ ਹੈ । ਜੇ ਅਮਰੀਕੀ ਸ਼ੈਲੀ ਦੇ ਡਿਜੀਟਲ ਨਿਯਮ ਲਾਗੂ ਹੋ ਗਏ ਤਾਂ ਭਾਰਤ ਦੀ ਡੇਟਾ ਸੰਪ੍ਰਭੁਤਾ ਕਮਜ਼ੋਰ ਹੋ ਸਕਦੀ ਹੈ ਅਤੇ ਅਮਰੀਕੀ ਤਕਨੀਕੀ ਪਲੈਟਫਾ

ਪੰਜਾਬ ਦੀ ਕਿਸਾਨੀ ਨੂੰ ਦਰਪੇਸ਼ ਸੰਕਟ



ਪੰਜਾਬ ਅੰਦਰ ਵੱਡੀ ਸਮੱਸਿਆ ਕਿਸਾਨਾਂ ਦੀ ਆਲੂਆਂ ਦੀ ਫ਼ਸਲ ਤੋਂ ਇਲਾਵਾ ਸ਼ਿਮਲਾ ਮਿਰਚ, ਮਟਰ ਅਤੇ ਗਾਜਰਾਂ ਅਤੇ ਹੋਰ ਸਬਜ਼ੀਆਂ ਦੀ ਵੀ ਹੈ, ਜਿਨ੍ਹਾਂ ਦੀ ਪੈਦਾਵਾਰ ਤਾਂ ਪੰਜਾਬ ਵਿੱਚ ਚੰਗੀ ਹੁੰਦੀ ਹੈ, ਪਰ ਕਿਸਾਨਾਂ ਨੂੰ ਇਸ ਦਾ ਚੰਗਾ ਭਾਅ ਨਹੀਂ ਮਿਲਦਾ । ਹੁਣ ਇਹ ਉਡੀਕ ਰਹੇਗੀ ਕਿ ਪੰਜਾਬ ਸਮੇਤ ਦੇਸ਼ ਭਰ ਅੰਦਰ ਬੀਜੀਆਂ ਜਾਣ ਵਾਲੀਆਂ ਫ਼ਸਲਾਂ ਦਾ ਕਿਸਾਨਾਂ ਨੂੰ ਲਾਹੇਵੰਦ ਭਾਅ ਕਦੋਂ ਮਿਲੇਗਾ ?

- ਗੁਰਪ੍ਰੀਤ (ਮੋ. 95698-20314)

ਪੰਜਾਬ ਇਸ ਸਮੇਂ ਜਿੱਥੇ ਪਾਣੀ, ਪ੍ਰਦੂਸ਼ਣ ਅਤੇ ਹੋਰ ਕਈ ਸਮੱਸਿਆਵਾਂ ਨਾਲ ਜੂਝ ਰਿਹਾ ਹੈ, ਉੱਥੇ ਦੂਜੇ ਪਾਸੇ ਪੰਜਾਬ ਦਾ ਕਿਸਾਨ ਆਪਣੀਆਂ ਫ਼ਸਲਾਂ ਨੂੰ ਲੈ ਕੇ ਕਾਫ਼ੀ ਚਿੰਤਤ ਦਿਖਾਈ ਦੇ ਰਿਹਾ ਹੈ । ਜਿੱਥੇ ਕਿਸਾਨਾਂ ਨੂੰ ਕੁਝ ਸਮਾਂ ਪਹਿਲਾਂ ਹੜ੍ਹਾਂ ਦੀ ਮਾਰ ਪਈ, ਉੱਥੇ ਹੀ ਦੂਜੇ ਪਾਸੇ ਹੁਣ ਪੰਜਾਬ ਦੇ ਅੰਦਰ ਕਿਸਾਨਾਂ ਨੂੰ ਅਜਿਹੀ ਮਾਰ ਪੈਣੀ ਸ਼ੁਰੂ ਹੋ ਗਈ ਹੈ, ਜਿਸ ਬਾਰੇ ਕਦੇ ਕਿਸੇ ਨੇ ਸੋਚਿਆ ਵੀ ਨਹੀਂ ਸੀ । ਭਾਵੇਂ ਇਸ ਤੋਂ ਪਹਿਲਾਂ ਵੀ ਕਿਸਾਨ ਫ਼ਸਲਾਂ ਦੇ ਸਹੀ ਭਾਅ ਨਾ ਮਿਲਣ ਕਾਰਨ ਉਨ੍ਹਾਂ ਨੂੰ ਵਾਹੁਣ ਲਈ ਮਜ਼ਬੂਰ ਸਨ, ਪਰ ਮੌਜੂਦਾ ਸਮੇਂ ਜਦੋਂ ਕੇਂਦਰ ਅਤੇ ਸੂਬਾਈ ਸਰਕਾਰਾਂ ਇਹ ਕਹਿੰਦੀਆਂ ਨਹੀਂ ਥੱਕਦੀਆਂ ਕਿ ਕਿਸਾਨਾਂ ਦੀ ਆਮਦਨ ਦੁੱਗਣੀ ਕਰ ਕੇ ਸਾਹ ਲਵਾਂਗੇ, ਉਸ ਸਮੇਂ ਪੰਜਾਬ ਦੇ ਕਈ ਕਿਸਾਨ ਖ਼ੁਦਕੁਸ਼ੀਆਂ ਕਰਨ ਲਈ ਮਜ਼ਬੂਰ ਹਨ ਅਤੇ ਕਈ ਸੂਰਤਾਂ ਵਿੱਚ ਚੰਗੇ ਭਾਅ ਨਾ ਮਿਲਣ ਕਾਰਨ ਆਪਣੀਆਂ ਫ਼ਸਲਾਂ ਨੂੰ ਜ਼ਮੀਨ ਵਿੱਚ ਹੀ ਵਾਹੁਣ ਲਈ ਮਜ਼ਬੂਰ ਹੋ ਜਾਂਦੇ ਹਨ ।

ਪੰਜਾਬ ਵਿੱਚ ਆਲੂਆਂ ਦੀ ਖੇਤੀ ਇਸ ਵੇਲੇ ਡੂੰਘੇ ਸੰਕਟ ਨਾਲ ਜੂਝ ਰਹੀ ਹੈ ਕਿਉਂਕਿ ਸੂਬੇ ਵਿੱਚ ਵੱਡੇ ਪੱਧਰ 'ਤੇ ਆਰਥਿਕ ਸੰਕਟ ਕਾਰਨ ਆਲੂ ਉਤਪਾਦਕਾਂ ਨੂੰ 50,000 ਰੁਪਏ ਪ੍ਰਤੀ ਏਕੜ ਦਾ ਨੁਕਸਾਨ ਹੋ ਰਿਹਾ ਹੈ । ਜੇਕਰ ਆਲੂ ਕਾਸ਼ਤਕਾਰਾਂ ਦੀ ਮੰਨੀਏ ਤਾਂ ਉਨ੍ਹਾਂ ਦਾ ਕਹਿਣਾ ਹੈ ਕਿ ਸਰਕਾਰ ਆਲੂਆਂ ਦਾ ਘੱਟੋ-ਘੱਟ ਸਮਰਥਨ ਮੁੱਲ 20 ਰੁਪਏ ਪ੍ਰਤੀ ਕਿਲੋ ਤੈਅ ਕਰੇ ਤੇ ਸਰਕਾਰੀ ਖ਼ਰੀਦ ਦੀ ਗਾਰੰਟੀ ਦੇਵੇ । ਪਿਛਲੇ ਕਈ ਸਾਲਾਂ ਤੋਂ ਆਲੂ ਦੇ ਭਾਅ ਵਿੱਚ ਆਈ ਭਾਰੀ ਗਿਰਾਵਟ ਨੇ ਕਿਸਾਨਾਂ ਦਾ ਲੱਕ ਵੀ ਤੋੜ ਕੇ ਰੱਖ ਦਿੱਤਾ ਹੈ । ਪਹਿਲਾਂ ਹੀ ਆਰਥਿਕ ਮੰਦੀ ਦਾ ਸ਼ਿਕਾਰ ਹੋਏ ਕਿਸਾਨਾਂ ਲਈ ਆਲੂਆਂ ਦੀ ਫ਼ਸਲ ਘਾਟੇ ਦਾ ਸੌਦਾ ਸਾਬਿਤ ਹੋ ਰਹੀ ਹੈ । ਓਦਾਂ, ਆਲੂਆਂ ਦੀ ਕਾਸ਼ਤ ਸਮੇਂ ਸਿੱਧੇ ਤੌਰ 'ਤੇ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਰੁਜ਼ਗਾਰ ਮਿਲਦਾ ਹੈ, ਪਰ ਆਲੂਆਂ ਦੀ ਫ਼ਸਲ ਬਾਰੇ ਕੋਈ ਠੋਸ ਸਰਕਾਰੀ ਨੀਤੀ ਨਾ ਹੋਣ ਕਾਰਨ ਇਹ ਫ਼ਸਲ ਬੇਹੱਦ ਮੰਦੀ ਦਾ ਸ਼ਿਕਾਰ ਹੋ ਰਹੀ ਹੈ ।

ਸਰਕਾਰ ਵੱਲੋਂ ਕਣਕ ਤੇ ਝੋਨੇ ਦੀ ਰਵਾਇਤੀ ਫ਼ਸਲੀ ਚੱਕਰ ਤੋਂ ਬਾਹਰ ਨਿਕਲਣ ਦਾ ਹੋਕਾ ਤਾਂ ਦਿੱਤਾ ਜਾਂਦਾ ਹੈ, ਪਰ ਇਸ ਨੂੰ ਅਮਲੀ ਰੂਪ ਦੇਣ ਲਈ ਸਰਕਾਰ ਨੂੰ ਕਿਸਾਨ ਪੱਖੀ ਨੀਤੀਆਂ ਬਣਾਉਣ ਦੀ ਲੋੜ ਹੈ । ਕੇਂਦਰ ਸਰਕਾਰ ਵੱਲੋਂ ਵੀ ਕੋਈ ਮਦਦ ਨਾ ਮਿਲਣ ਕਾਰਨ ਪਹਿਲਾਂ ਹੀ ਕਰਜ਼ੇ ਦੀ ਮਾਰ ਹੇਠਾਂ ਆਇਆ ਕਿਸਾਨ ਲਗਾਤਾਰ ਬਰਬਾਦੀ ਵੱਲ ਵਧ ਰਿਹਾ ਹੈ । ਕਈ ਕਿਸਾਨਾਂ ਨੇ ਠੇਕੇ 'ਤੇ ਜ਼ਮੀਨ ਲੈ ਕੇ ਆਲੂਆਂ ਦੀ ਫ਼ਸਲ ਦੀ ਬਿਜਾਈ ਕੀਤੀ ਸੀ, ਉਨ੍ਹਾਂ ਨੂੰ ਆਮਦਨ ਦੀ ਆਸ ਤਾਂ ਕੀ ਹੋਣੀ ਸੀ, ਹੁਣ ਤਾਂ ਜ਼ਮੀਨ ਦਾ ਠੇਕਾ ਵੀ ਨਹੀਂ ਨਿਕਲਣ ਦੀ ਉਮੀਦ ਨਹੀਂ ਹੈ । ਆਲੂਆਂ ਦੀ ਬਿਜਾਈ ਤੋਂ ਪੁਟਾਈ ਤੱਕ ਵੱਡੀ ਗਿਣਤੀ ਮਜ਼ਦੂਰਾਂ ਦੀ ਲੋੜ ਹੁੰਦੀ ਹੈ ਅਤੇ ਉਤਪਾਦਕ ਨੂੰ ਕਾਫ਼ੀ ਖ਼ਰਚ ਸਹਿਣਾ ਪੈਂਦਾ ਹੈ । ਆਲੂ ਪੰਜਾਬ ਦੀ ਪ੍ਰਮੁੱਖ ਫ਼ਸਲ ਹੈ, ਇਹ ਫ਼ਸਲ ਪਿਛਲੇ ਸਾਲ ਵੀ ਰੁਲੀ ਸੀ ਤੇ ਇਸ ਵਾਰ ਵੀ 3 ਤੋਂ 4 ਰੁਪਏ ਪ੍ਰਤੀ ਕਿਲੋ ਵਿਕ ਰਹੇ ਹਨ ।

ਤਾਜ਼ਾ ਜਾਣਕਾਰੀ ਮੁਤਾਬਿਕ ਇਸ ਸਮੇਂ ਆਲੂ ਦਾ ਭਾਅ 350 ਤੋਂ 400 ਰੁਪਏ ਕੁਇੰਟਲ ਦੇ ਵਿਚਕਾਰ ਹੈ, ਪਰ ਦੂਜੇ ਪਾਸੇ ਇਹੀ ਆਲੂ ਬਾਜ਼ਾਰ ਵਿੱਚ 40 ਤੋਂ 50 ਰੁਪਏ ਪ੍ਰਤੀ ਕਿਲੋ ਵਿਕ ਰਹੇ ਹਨ । ਆਲੂ ਦੀ ਫ਼ਸਲ ਪਾਲਣ ਉੱਪਰ ਕਿਸਾਨਾਂ ਦੇ ਚੋਖੇ ਖ਼ਰਚੇ ਹੋ ਰਹੇ ਨੇ, ਪਰ ਕਿਸਾਨ ਨੂੰ ਬਚ ਕੀ ਰਿਹਾ ਹੈ ? ਇਹ ਫ਼ਸਲ ਪਾਲਣ 'ਤੇ ਜ਼ਮੀਨ ਦੇ ਠੇਕੇ ਸਮੇਤ ਘੱਟੋ-ਘੱਟ 80 ਤੋਂ 90



ਹਜ਼ਾਰ ਰੁਪਏ ਪ੍ਰਤੀ ਏਕੜ ਖਰਚਾ ਆ ਰਿਹਾ ਹੈ, ਪਰ ਕਿਸਾਨ ਨੂੰ ਸਿੱਧਾ ਨੁਕਸਾਨ 40 ਤੋਂ 50 ਹਜ਼ਾਰ ਦੇ ਵਿਚਕਾਰ ਹੋ ਰਿਹਾ ਹੈ । ਇਸ ਦਾ ਵੱਡਾ ਕਾਰਨ ਇਹ ਹੈ ਕਿ ਫ਼ਸਲਾਂ ਦਾ ਚੰਗਾ ਭਾਅ ਨਾ ਮਿਲਣਾ ।

ਇੱਕ ਸਰਕਾਰੀ ਰਿਪੋਰਟ ਮੁਤਾਬਿਕ ਪੰਜਾਬ ਅੰਦਰ ਲਗਭਗ 3 ਲੱਖ ਏਕੜ ਜ਼ਮੀਨ ਉੱਪਰ ਆਲੂਆਂ ਦੀ ਕਾਸ਼ਤ ਕੀਤੀ ਗਈ ਹੈ, ਜਿਸ ਨਾਲ ਕਿਸਾਨਾਂ ਦਾ ਇਸ ਉੱਤੇ ਸਿੱਧੇ ਤੌਰ 'ਤੇ ਕਰੀਬ 1500 ਕਰੋੜ ਰੁਪਏ ਦਾ ਨੁਕਸਾਨ ਹੋਣਾ ਤੈਅ ਹੈ । ਫਿਰ ਵੀ ਇਸ ਵੱਡੀ ਮਾਰ 'ਤੇ ਨਾ ਤਾਂ ਸੱਤਾ ਧਿਰ ਅੜੇ ਨਾ ਹੀ ਵਿਰੋਧੀ ਧਿਰਾਂ ਬੋਲ ਰਹੀਆਂ ਹਨ । ਕੇਂਦਰ ਸਰਕਾਰ ਵੱਲੋਂ ਵੀ ਕਿਸਾਨਾਂ ਦੀ ਇਸ ਸਮੱਸਿਆ ਵੱਲ ਧਿਆਨ ਨਹੀਂ ਦਿੱਤਾ ਜਾ ਰਿਹਾ । ਕਿਸਾਨਾਂ ਨੂੰ ਹਮੇਸ਼ਾਂ ਹੀ ਗਿਲਾ ਰਿਹਾ ਹੈ ਕਿ ਸੱਤਾ ਧਿਰ ਹੋਵੇ ਜਾਂ ਫਿਰ ਵਿਰੋਧੀ ਧਿਰ, ਉਨ੍ਹਾਂ ਕੋਲ ਕਿਸਾਨਾਂ ਦੀਆਂ ਮੰਗਾਂ ਨੂੰ ਸਹੀ ਤਰੀਕੇ ਦੇ ਨਾਲ ਸੰਸਦ ਵਿੱਚ ਰੱਖਿਆ ਹੀ ਨਹੀਂ ਜਾਂਦਾ । ਇੱਕ ਦੋ ਸੰਸਦ ਮੈਂਬਰ ਹੀ ਕਿਸਾਨਾਂ ਦੀਆਂ ਮੰਗਾਂ ਨੂੰ ਲੋਕ ਸਭਾ ਤੇ ਰਾਜ ਸਭਾ ਵਿੱਚ ਉਠਾਉਂਦੇ ਨੇ, ਪਰ ਬਹੁਤੇ ਸੰਸਦ ਮੈਂਬਰ ਜਿਨ੍ਹਾਂ ਨੂੰ ਕਿਸਾਨਾਂ ਨੇ ਹੀ ਵੋਟਾਂ ਪਾ ਕੇ ਚੁਣਿਆ ਹੁੰਦਾ ਹੈ, ਕਿਸਾਨਾਂ ਦੀ ਗੱਲ ਹੀ ਨਹੀਂ ਕਰਦੇ ।

ਕਿਸਾਨਾਂ ਮੁਤਾਬਿਕ ਪ੍ਰਾਈਵੇਟ ਕੰਪਨੀਆਂ ਵੱਲੋਂ ਕਿਸਾਨਾਂ ਨਾਲ ਧੋਖਾ ਕੀਤਾ ਜਾ ਰਿਹਾ ਹੈ । ਉਨ੍ਹਾਂ ਦੀਆਂ ਫ਼ਸਲਾਂ ਨੂੰ ਸਸਤੇ ਭਾਅ 'ਤੇ ਖ਼ਰੀਦਿਆ ਜਾ ਰਿਹਾ ਹੈ ਅਤੇ ਗੁਣਵੱਤਾ ਦੇ ਨਾਂ 'ਤੇ ਗਲਤ ਤਰੀਕੇ ਨਾਲ ਵੱਡੇ ਕੱਟ ਲਾਏ ਜਾ ਰਹੇ ਹਨ, ਜਿਸ ਕਾਰਨ ਕਿਸਾਨਾਂ ਦਾ ਭਾਰੀ ਨੁਕਸਾਨ ਹੋ ਰਿਹਾ ਹੈ । ਜਿਸ ਆਲੂਆਂ ਦੀ ਬੋਰੀ ਦੀ ਕੀਮਤ ਚੰਡੀਗੜ੍ਹ ਵਰਗੇ ਸ਼ਹਿਰ ਵਿੱਚ ਢਾਈ ਹਜ਼ਾਰ ਰੁਪਏ ਹੈ, ਉਸ ਬੋਰੀ ਨੂੰ ਪਿੰਡਾਂ ਵਿੱਚੋਂ 200 ਤੋਂ 250 ਰੁਪਏ ਦੇ ਵਿਚਕਾਰ ਹੀ ਖ਼ਰੀਦਿਆ ਜਾ ਰਿਹਾ ਹੈ । ਕਈ ਠੇਕੇਦਾਰ ਕਿਸਾਨਾਂ ਦੇ ਖੇਤਾਂ ਵਿੱਚੋਂ ਆ ਕੇ ਹੀ ਉਨ੍ਹਾਂ ਦਾ ਮਾਲ ਖ਼ਰੀਦ ਰਹੇ ਹਨ, ਪਰ ਉਨ੍ਹਾਂ ਨੂੰ ਵਾਜਬ ਮੁੱਲ ਨਹੀਂ ਦਿੰਦੇ, ਜਿਸ ਕਾਰਨ ਉਨ੍ਹਾਂ ਦਾ ਨੁਕਸਾਨ ਹੋ ਰਿਹਾ ਹੈ । ਜੇਕਰ ਕਿਸਾਨ ਆਪਣੀ ਫ਼ਸਲ ਨੂੰ ਮੰਡੀਆਂ ਵਿੱਚ ਵੀ ਲੈ ਕੇ ਜਾਂਦੇ ਹਨ ਤਾਂ ਉੱਥੇ ਵੀ ਉਨ੍ਹਾਂ ਨੂੰ ਚੰਗਾ ਭਾਅ ਨਹੀਂ ਮਿਲਦਾ । ਸਿੱਧੇ ਸ਼ਬਦਾਂ ਵਿੱਚ ਕਹੀਏ ਤਾਂ ਕਿਸਾਨਾਂ ਨੂੰ ਉਨ੍ਹਾਂ ਦੀ ਫ਼ਸਲ ਦਾ ਸਹੀ ਭਾਅ ਨਹੀਂ ਮਿਲ ਰਿਹਾ । ਕਿਸਾਨ ਜਿੱਥੇ ਕੁਦਰਤੀ ਮਾਰਾਂ ਝੱਲ ਰਹੇ ਨੇ, ਉੱਥੇ ਹੀ ਦੂਜੇ ਪਾਸੇ ਸਰਕਾਰਾਂ ਵੀ ਉਨ੍ਹਾਂ ਦੇ ਪੱਖ ਵਿੱਚ ਨਹੀਂ ਭੁਗਤ ਰਹੀਆਂ ।

ਬਹੁਤਿਆਂ ਵੱਲੋਂ ਇਹ ਤਰਕ ਵੀ ਦਿੱਤਾ ਜਾਂਦਾ ਹੈ ਕਿ ਕਿਸਾਨ ਆਪਣੀ ਫ਼ਸਲ ਨੂੰ ਖ਼ੁਦ ਕਿਉਂ ਨਹੀਂ ਰੇਹੜੀਆਂ ਜਾਂ ਫਿਰ ਮੰਡੀਆਂ ਵਿੱਚ ਵੇਚਦਾ ? ਇਸ ਨਾਲ ਕਿਸਾਨ ਨੂੰ ਵੀ ਮੁਨਾਫ਼ਾ ਹੋਵੇਗਾ, ਪਰ ਅਜਿਹੀਆਂ ਗੱਲਾਂ ਕਰਨ ਵਾਲੇ ਕਿਸਾਨ ਦੀ ਹਾਲਤ ਨਹੀਂ ਵੇਖਦੇ ਕਿ ਕੀ ਉਹ ਆਪਣੀ ਫ਼ਸਲ ਨੂੰ ਮੰਡੀਆਂ ਤੱਕ ਢੋਣ ਜੋਗਾ ਹੈ ਵੀ ਕਿ ਨਹੀਂ ? ਬਹੁਤੇ ਕਿਸਾਨਾਂ ਕੋਲ ਖੇਤੀਬਾੜੀ ਲਈ ਆਪਣੇ ਸੰਦ ਵੀ ਨਹੀਂ, ਪਰ ਉਹ ਕਿਰਾਏ ਦੇ ਸੰਦਾਂ 'ਤੇ ਖੇਤੀ ਕਰਦੇ ਨੇ । ਅਜਿਹੇ ਹਾਲਾਤ ਵਿੱਚ ਕਿਵੇਂ ਕਿਹਾ ਜਾ ਸਕਦਾ ਹੈ ਕਿ ਕਿਸਾਨ ਆਪਣੀ ਫ਼ਸਲ ਨੂੰ ਮੰਡੀਆਂ ਵਿੱਚ ਵੇਚੇ ਜਾਂ ਫਿਰ ਵਪਾਰੀਆਂ ਨੂੰ ਵੇਚੇ, ਉਸ ਕੋਲ ਤਾਂ ਖ਼ੁਦ ਦੀ ਵਾਹੀ ਦੇ ਵਾਸਤੇ ਸੰਦ ਨਹੀਂ ਹਨ । ਖ਼ੈਰ, ਅਸੀਂ ਜਿਸ ਕਿਸਾਨ ਦੀ ਗੱਲ ਕਰਦੇ ਹਾਂ ਉਹ ਕਿਸਾਨ ਚਾਰ ਤੋਂ ਪੰਜ ਕਿੱਲਿਆਂ ਵਾਲਾ ਹੈ । ਅਸੀਂ ਵੱਡੇ ਕਿਸਾਨਾਂ ਦੀ ਗੱਲ ਨਹੀਂ ਕਰਦੇ, ਜਿਨ੍ਹਾਂ ਕੋਲ ਮਹਿੰਗੀਆਂ ਗੱਡੀਆਂ ਵੀ ਨੇ, ਵੱਡੇ ਟਰੈਕਟਰ ਵੀ ਨੇ ਅਤੇ ਮਸ਼ੀਨਾਂ ਤੋਂ ਇਲਾਵਾ ਹੋਰ ਵੀ ਸਾਧਨ ਨੇ ।

ਬੇਸ਼ੱਕ ਇਹ 2026 ਚੋਣ ਵਰ੍ਹਾ ਹੈ ਅਤੇ ਇਸੇ ਦੌਰਾਨ ਪੰਜਾਬ ਦੇ ਵਿਧਾਇਕਾਂ, ਮੰਤਰੀਆਂ, ਸੰਸਦ ਮੈਂਬਰਾਂ ਨੇ ਇਸ ਸਮੱਸਿਆ ਨੂੰ ਸੁਲਝਾਉਣ ਵਾਸਤੇ ਕਈ ਤਰ੍ਹਾਂ ਦੇ ਢੰਗ ਤਰੀਕੇ ਅਪਣਾਉਣੇ ਅਤੇ ਬਿਆਨ ਦੇਣੇ ਨੇ, ਪਰ ਉਸ ਤੋਂ ਪਹਿਲਾਂ ਇਹ ਸੋਚਣਾ ਪਵੇਗਾ ਕਿ ਇਹ ਨੇਤਾ ਚੋਣਾਂ ਦੇ ਵਰ੍ਹਿਆਂ ਵਿੱਚ ਹੀ ਕਿਉਂ ਐਵੇਂ ਫੋਕੇ ਦਾਅਵੇ ਤੇ ਵਾਅਦੇ ਕਰਦੇ ਨੇ । ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਵੱਲੋਂ ਸਮੇਂ-ਸਮੇਂ 'ਤੇ ਦੋਸ਼ ਲਾਏ ਜਾਂਦੇ ਰਹੇ ਨੇ ਕਿ ਪੰਜਾਬ ਦੀ ਖੇਤੀ ਖ਼ਿਲਾਫ਼ ਕੇਂਦਰ ਹਰ ਢੰਗ ਤਰੀਕੇ ਅਪਣਾ ਰਿਹਾ ਹੈ । ਪੰਜਾਬ ਅੰਦਰ ਵੱਡੀ ਸਮੱਸਿਆ ਕਿਸਾਨਾਂ ਦੀ ਆਲੂਆਂ ਦੀ ਫ਼ਸਲ ਤੋਂ ਇਲਾਵਾ ਸ਼ਿਮਲਾ ਮਿਰਚ, ਮਟਰ ਅਤੇ ਗਾਜਰਾਂ ਅਤੇ ਹੋਰ ਸਬਜ਼ੀਆਂ ਦੀ ਵੀ ਹੈ, ਜਿਨ੍ਹਾਂ ਦੀ ਪੈਦਾਵਾਰ ਤਾਂ ਪੰਜਾਬ ਵਿੱਚ ਚੰਗੀ ਹੁੰਦੀ ਹੈ, ਪਰ ਕਿਸਾਨਾਂ ਨੂੰ ਇਸ ਦਾ ਚੰਗਾ ਭਾਅ ਨਹੀਂ ਮਿਲਦਾ । ਹੁਣ ਇਹ ਉਡੀਕ ਰਹੇਗੀ ਕਿ ਪੰਜਾਬ ਸਮੇਤ ਦੇਸ਼ ਭਰ ਅੰਦਰ ਬੀਜੀਆਂ ਜਾਣ ਵਾਲੀਆਂ ਫ਼ਸਲਾਂ ਦਾ ਕਿਸਾਨਾਂ ਨੂੰ ਲਾਹੇਵੰਦ ਭਾਅ ਕਦੋਂ ਮਿਲੇਗਾ ?

ਅੱਜ ਪੰਜਾਬ ਚੌਤਰਫਾ ਗੰਭੀਰ ਸੰਕਟ ਵਿੱਚ ਘਿਰਿਆ

'ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ' ਵਾਲੀ ਅਖਾਣ ਸਾਡੇ ਅਮੀਰ ਵਿਰਸੇ ਤੇ ਤਜ਼ਰਬਿਆਂ ਵਿੱਚੋਂ ਜਨਮੀ ਹੈ । ਆਜ਼ਾਦੀ ਸੰਗਰਾਮ ਵਿੱਚ ਪਾਏ ਗਏ ਯੋਗਦਾਨ ਤੇ ਆਜ਼ਾਦੀ ਪ੍ਰਾਪਤੀ ਤੋਂ ਪਿੱਛੋਂ ਲੋਕਾਂ ਨੂੰ ਦਰਪੇਸ਼ ਮੁਸ਼ਕਲਾਂ ਦੇ ਹੱਲ ਲਈ ਲੜੇ ਗਏ ਮਾਣਮੱਤੇ ਘੋਲ ਇਸ ਤੱਥ ਦੀ ਗਵਾਹੀ ਭਰਦੇ ਹਨ ਪ੍ਰੰਤੂ ਅੱਜ ਪੰਜਾਬ ਚੌਤਰਫਾ ਗੰਭੀਰ ਸੰਕਟ ਵਿੱਚ ਘਿਰਿਆ ਹੋਇਆ ਹੈ । ਪੰਜਾਬ ਦੀ ਜਿਸ ਜਵਾਨੀ 'ਤੇ ਸਾਰਾ ਦੇਸ਼ ਕਦੇ ਮਾਣ ਕਰਿਆ ਕਰਦਾ ਸੀ, ਉਹੀ ਅੱਜ ਬੇਰੁਜ਼ਗਾਰੀ ਕਰਕੇ ਗੈਂਗਸਟਰਵਾਦ, ਨਸ਼ਾਖੋਰੀ ਆਦਿ ਅਰਾਜਕ ਰੁਝਾਨਾਂ ਦਾ ਸ਼ਿਕਾਰ ਬਣੀ ਹੋਈ ਹੈ ।

ਪੰਜਾਂ ਪਾਣੀਆਂ ਦੀ ਧਰਤੀ, ਪਾਣੀ ਦੇ 'ਮਹਾ ਅਕਾਲ' ਵਾਲੇ ਹਾਲਾਤ ਦੀਆਂ ਬਰੂਹਾਂ 'ਤੇ ਆਣ ਖੜ੍ਹੀ ਹੈ । ਹਰੇ ਇਨਕਲਾਬ ਸਦਕਾ ਸਿਖਰ 'ਤੇ ਪੁੱਜੀ ਖੇਤੀਬਾੜੀ ਦੀ ਪੈਦਾਵਾਰ ਹੁਣ ਖੜੋਤ ਵਿੱਚ ਹੈ ਜਾਂ ਗਿਰਾਵਟ ਵੱਲ ਨੂੰ ਜਾ ਰਹੀ ਹੈ । ਰਸਾਇਣਕ ਖਾਦਾਂ, ਰੇਡੀਮੇਡ ਦਵਾਈਆਂ, ਸੋਧੇ ਬੀਜਾਂ ਆਦਿ ਦੀ ਦੁਰਵਰਤੋਂ ਨਾਲ ਧਰਤੀ ਬੰਜਰ ਬਣਦੀ ਜਾ ਰਹੀ ਹੈ । ਖਨਨ ਤੇ ਰੇਤ ਮਾਫੀਆ ਨੇ ਪੰਜਾਬ ਦੇ ਵਾਤਾਵਰਣ ਦੀ ਤਬਾਹੀ ਕਰ ਦਿੱਤੀ ਹੈ ।

ਇਹ ਅਣਸੁਖਾਵੇਂ ਹਾਲਾਤ ਪੈਦਾ ਹੋਣੋਂ ਰੋਕੇ ਜਾ ਸਕਦੇ ਸਨ ਜਾਂ ਸਮੱਸਿਆ ਨਾਲ ਹੁਣ ਵੀ ਸਫ਼ਲਤਾਪੂਰਵਕ ਨਜਿੱਠਿਆ ਜਾ ਸਕਦਾ ਹੈ ਪਰ ਸ਼ਰਤ ਇਹ ਹੈ ਕਿ ਪ੍ਰਾਂਤ ਦੀ ਰਾਜਸੀ ਅਗਵਾਈ ਐਸੇ ਲੋਕਾਂ ਦੇ ਹੱਥ ਵਿੱਚ ਹੋਣੀ ਚਾਹੀਦੀ ਹੈ ਜੋ ਸਿੱਖ ਗੁਰੂ ਸਾਹਿਬਾਨ ਵਲੋਂ ਰਚੀ ਮਾਨਵੀ ਬਾਣੀ, ਭਗਤੀ ਲਹਿਰ ਦੇ ਮਹਾਨ ਰਹਿਬਰਾਂ ਦੀਆਂ ਤਰਕਵਾਦੀ ਸਿੱਖਿਆਵਾਂ, ਗਦਰੀ ਸੂਰਬੀਰਾਂ ਤੇ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਤੇ ਉਸਦੇ ਸਾਥੀਆਂ ਦੇ ਇਨਕਲਾਬੀ ਵਿਚਾਰਧਾਰਾ ਨੂੰ ਪ੍ਰਣਾਈ ਹੋਈ ਹੋਵੇ । ਉਹ ਜੋ ਨਿੱਜ ਦੀ ਥਾਂ ਸਮਾਜਿਕ ਹਿੱਤਾਂ ਨੂੰ ਪਹਿਲ ਦਿੰਦੇ ਹੋਣ । ਅਫਸੋਸ, ਸਾਡਾ ਮਾਣਮੱਤਾ ਪੰਜਾਬ ਅਜਿਹੀ ਅਗਵਾਈ ਤੋਂ ਸਪੱਸ਼ਟ ਵਾਂਝਾ ਦਿਸ ਰਿਹਾ ਹੈ ।

ਅੰਧਵਿਸ਼ਵਾਸ ਤੇ ਖੁਦਪ੍ਰਸਤੀ ਫੈਲਾਅ ਰਹੇ ਡੇਰਿਆਂ ਦੀ ਭਰਮਾਰ ਹੈ । ਬਹੁਤੇ ਅਕਾਲੀ ਧੜੇ ਧਰਮਨਿਰਪੱਖਤਾ, ਲੋਕਰਾਜ, ਸੰਘਾਤਮਕ ਢਾਂਚੇ ਦੀ ਰਾਖੀ ਦੇ ਫਰਜ਼ ਅਤੇ ਸਭ ਤੋਂ ਵੱਧ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਦੇ ਖਾਤਮੇ ਦਾ ਸੁਨਹਿਰੀ ਅਸੂਲ ਤਿਆਗ ਕੇ ਦੇਸ਼ ਦੀ ਹਾਕਮ ਪਾਰਟੀ, ਭਾਜਪਾ ਨਾਲ ਰਾਜਸੀ ਸਾਂਝਾਂ ਪਾਉਣਾ ਚਾਹੁੰਦੇ ਹਨ । ਕਾਂਗਰਸ ਪਾਰਟੀ, ਜਿਸਦੀ ਆਜ਼ਾਦੀ ਅੰਦੋਲਨ ਵਿੱਚ ਮੁੱਖ ਭੂਮਿਕਾ ਰਹੀ ਹੈ, ਭਾਜਪਾ ਵਿਰੋਧੀ ਦਲਾਂ ਵਿੱਚੋਂ ਅੱਜ ਵੀ ਵੱਡੇ ਜਨ-ਆਧਾਰ ਵਾਲੀ ਪਾਰਟੀ ਹੈ, ਪਰ ਪਾਏ-ਧਾੜ ਵਿੱਚ ਬੁਰੀ ਤਰ੍ਹਾਂ ਫਸੀ ਹੋਈ ਹੈ ।

ਭਾਜਪਾ, ਕੇਂਦਰੀ ਸੱਤਾ 'ਤੇ ਕਾਬਜ਼ ਹੋਣ ਦਾ ਲਾਹਾ ਲੈ ਕੇ 'ਸ਼ਾਮ-ਦਾਮ-ਦੰਡ-ਭੇਦ' ਦੀ ਨੀਤੀ ਦੇ ਸਹਾਰੇ ਪੰਜਾਬ ਦੀ ਸੱਤ੍ਹਾ 'ਤੇ ਕਾਬਜ਼ ਹੋਣ ਦਾ ਯਤਨ ਕਰ ਰਹੀ ਹੈ । ਹਿੰਦੂ ਵਰਸੋਂ ਦੇ ਇੱਕ ਹਿੱਸੇ ਵਿੱਚ ਇਸ ਦਾ ਜਨ-ਆਧਾਰ ਪਹਿਲਾਂ ਤੋਂ ਹੀ ਕਾਇਮ ਹੈ । ਇਹ ਕਈ ਕਿਸਮ ਦੇ ਲਾਲਚ ਤੇ ਭੁਚਲਾਵੇ ਦੇ ਕੇ ਦਲਿਤ ਸਮਾਜ ਵਿੱਚ ਵੀ ਆਪਣੀ ਜਗ੍ਹਾ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ । ਧਾਰਮਿਕ ਡੇਰਿਆਂ ਤੇ ਸਰਕਾਰੀ ਏਜੰਸੀਆਂ ਦੀ ਵਰਤੋਂ ਤੇ ਦੂਸਰੇ ਦਲਾਂ ਵਿੱਚੋਂ ਸਿਧਾਂਤ ਹੀਣੇ ਸਵਾਰਥੀ ਤੱਤਾਂ ਨੂੰ ਭਾਜਪਾ ਵਿੱਚ ਸ਼ਾਮਲ ਕਰਕੇ ਭਾਜਪਾ ਆਗੂ ਪੰਜਾਬ ਦੀ ਪ੍ਰਮੁੱਖ ਰਾਜਸੀ ਧਿਰ ਬਣਨ ਦੀ ਆਸ ਲਾਈ ਬੈਠੇ

ਕਿਊ.ਆਰ. ਕੋਡ ਰਾਹੀਂ ਕਿਸਾਨਾਂ ਦੀ ਫ਼ਸਲ ਨੂੰ ਮਿਲੇਗੀ ਨਵੀਂ ਪਛਾਣ

ਅੱਜ ਦਾ ਕਿਸਾਨ ਸਿਰਫ਼ ਫ਼ਸਲ ਉਗਾਉਣ ਤੱਕ ਹੀ ਸੀਮਤ ਨਹੀਂ ਰਿਹਾ । ਉਤਪਾਦਨ ਦੇ ਨਾਲ-ਨਾਲ ਕਿਸਾਨਾਂ ਨੂੰ ਆਪਣੀ ਪੈਦਾਵਾਰ ਨੂੰ ਵਧੀਆ ਕੀਮਤ 'ਤੇ ਵੇਚਣ, ਦਲਾਲਾਂ ਤੋਂ ਬਚਣ ਅਤੇ ਸਿੱਧਾ ਖ਼ਪਤਕਾਰਾਂ ਤੱਕ ਸਾਮਾਨ ਪਹੁੰਚਾਉਣ ਦੀ ਚੁਣੌਤੀ ਦਾ ਸਾਹਮਣਾ ਕਰਨਾ ਪੈਂਦਾ ਹੈ । ਮਾਰਕੀਟ ਵਿੱਚ ਅਸਲੀ ਤੇ ਉੱਚ ਗੁਣਵੱਤਾ ਵਾਲੇ ਉਤਪਾਦਾਂ ਦੀ ਪਛਾਣ ਕਰਨੀ ਅਕਸਰ ਮੁਸ਼ਕਿਲ ਹੁੰਦੀ ਹੈ । ਅਜਿਹੀਆਂ ਸਥਿਤੀਆਂ ਵਿੱਚ ਡਿਜੀਟਲ ਤਕਨਾਲੋਜੀ ਖ਼ਾਸ ਕਰਕੇ ਤੁਰੰਤ ਪ੍ਰਤੀਕਿਰਿਆ ਕੋਡ (ਕਿਊ. ਆਰ. ਕੋਡ) ਕਿਸਾਨਾਂ ਲਈ ਇੱਕ ਆਸਾਨ ਤੇ ਪ੍ਰਭਾਵਸ਼ਾਲੀ ਹੱਲ ਵਜੋਂ ਸਾਹਮਣੇ ਆਈ ਹੈ ।



ਕਿਊ. ਆਰ. ਕੋਡ : ਕਿਊ.ਆਰ. ਕੋਡ ਇੱਕ ਛੋਟਾ ਵਰਗਾਕਾਰ ਕੋਡ ਹੁੰਦਾ ਹੈ, ਜਿਸ ਨੂੰ ਮੋਬਾਇਲ ਫ਼ੋਨ ਦੇ ਕੈਮਰੇ ਨਾਲ ਸਕੈਨ ਕੀਤਾ ਜਾ ਸਕਦਾ ਹੈ । ਜਿਵੇਂ ਹੀ ਕਿਊ.ਆਰ. ਕੋਡ ਸਕੈਨ ਕੀਤਾ ਜਾਂਦਾ ਹੈ, ਉਤਪਾਦ ਨਾਲ ਸੰਬੰਧਿਤ ਪੂਰੀ ਜਾਣਕਾਰੀ ਤੁਰੰਤ ਉਪਲਬਧ ਹੋ ਜਾਂਦੀ ਹੈ ਜਿਵੇਂ ਕਿ-

1. ਫ਼ਸਲ ਦਾ ਨਾਂਅ (ਕਣਕ, ਝੋਨਾ, ਮੱਕੀ, ਗੰਨਾ, ਹਲਦੀ ਆਦਿ), 2. ਪ੍ਰੋਸੈਸਿੰਗ ਦੀ ਵਿਧੀ, 3. ਪੈਕਿੰਗ ਦੀ ਤਰੀਕ, 4. ਪ੍ਰੋਸੈਸਿੰਗ ਯੂਨਿਟ ਜਾਂ ਕਿਸਾਨ ਸਮੂਹ ਦਾ ਨਾਂਅ ।

ਕਿਊ.ਆਰ. ਕੋਡ ਦੀ ਸਭ ਤੋਂ ਵੱਡੀ ਖ਼ਾਸੀਅਤ ਇਹ ਹੈ ਕਿ ਬਹੁਤ ਸਾਰੀ ਜਾਣਕਾਰੀ ਬਹੁਤ ਛੋਟੀ ਜਗ੍ਹਾ ਵਿਚ ਡਿਜੀਟਲ ਰੂਪ ਵਿੱਚ ਸੁਰੱਖਿਅਤ ਕੀਤੀ ਜਾ ਸਕਦੀ ਹੈ ।

ਪੀ. ਏ. ਯੂ. ਵਿੱਚ ਕੀਤੇ ਅਧਿਐਨ : ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਐਗਰੋ ਪ੍ਰੋਸੈਸਿੰਗ ਕੰਪਲੈਕਸ ਵਿੱਚ ਕੀਤੇ ਗਏ ਇੱਕ ਅਧਿਐਨ ਵਿੱਚ ਇਹ ਸਪੱਸ਼ਟ ਹੋਇਆ ਕਿ ਕਿਊ.ਆਰ. ਕੋਡ ਦੀ ਵਰਤੋਂ ਨਾਲ ਕਿਸਾਨ ਅਤੇ ਛੋਟੇ ਪ੍ਰੋਸੈਸਰ ਆਪਣੀ ਪੈਦਾਵਾਰ ਨੂੰ ਖੇਤ ਤੋਂ ਖ਼ਪਤਕਾਰ ਤੱਕ ਇੱਕ ਡਿਜੀਟਲ ਪਛਾਣ ਦੇ ਸਕਦੇ ਹਨ । ਇਸ ਅਧਿਐਨ ਦੌਰਾਨ ਗੁੜ, ਬੇਸਣ, ਹਲਦੀ ਪਾਊਡਰ, ਚੌਲ ਅਤੇ ਆਟਾ ਵਰਗੇ ਉਤਪਾਦਾਂ 'ਤੇ ਕਿਊ. ਆਰ. ਕੋਡ ਲਗਾਏ ਗਏ । ਸਭ ਤੋਂ ਪਹਿਲਾਂ ਉਤਪਾਦਾਂ ਦੀ ਪੂਰੀ ਜਾਣਕਾਰੀ (ਐਕਸਲ ਸ਼ੀਟ ਵਿੱਚ) ਭਰੀ ਗਈ ਅਤੇ ਵਨਡਰਾਈਵ (One Drive) ਵਰਗੇ ਕਲਾਊਡ ਪਲੇਟਫਾਰਮ 'ਤੇ ਸਟੋਰ ਕੀਤੀ ਗਈ । ਇਸ ਜਾਣਕਾਰੀ ਦੇ ਲਿੰਕ ਤੋਂ ਕਿਊ. ਆਰ. ਕੋਡ ਤਿਆਰ ਕਰਕੇ ਉਤਪਾਦ ਦੇ ਪੈਕਟ 'ਤੇ ਛਾਪਿਆ ਗਿਆ । ਇਸ ਤਰ੍ਹਾਂ ਜਦੋਂ ਖ਼ਪਤਕਾਰ ਪੈਕੇਟ ਜਾਂ ਬੋਰੀ 'ਤੇ ਲੱਗਿਆ ਕਿਊ. ਆਰ. ਕੋਡ ਸਕੈਨ ਕਰਦਾ ਹੈ, ਤਾਂ ਉਹ ਹੇਠ ਲਿਖੀ ਜਾਣਕਾਰੀ ਤੁਰੰਤ ਜਾਣ ਲੈਂਦਾ ਹੈ ।

1. ਫ਼ਸਲ ਕਦੋਂ ਕੱਟੀ ਗਈ ਅਤੇ ਕਿਹੜੇ ਤਰੀਕੇ ਨਾਲ ਸੰਭਾਲੀ ਗਈ ।

2. ਉਤਪਾਦ ਕਦੋਂ ਅਤੇ ਕਿੱਥੇ ਪ੍ਰੋਸੈਸ ਹੋਇਆ ।

3. ਕਿਹੜੀ ਤਕਨਾਲੋਜੀ ਜਾਂ ਵਿਧੀ ਵਰਤੀ ਗਈ ।

4. ਉਤਪਾਦ ਅਸਲੀ ਹੈ ਜਾਂ ਨਹੀਂ ।

ਇਹ ਪ੍ਰਣਾਲੀ ਬਿਨਾਂ ਕਿਸੇ ਮਹਿੰਗੀ ਮਸ਼ੀਨਰੀ ਦੇ ਕੰਮ ਕਰਦੀ ਹੈ ਅਤੇ ਸਿਰਫ਼ ਇੱਕ ਕੰਪਿਊਟਰ, ਇੰਟਰਨੈੱਟ ਕੁਨੈਕਸ਼ਨ ਅਤੇ ਸਮਾਰਟ ਫ਼ੋਨ ਦੀ ਲੋੜ ਹੁੰਦੀ ਹੈ ।

ਕਿਸਾਨਾਂ ਅਤੇ ਕਿਸਾਨ ਉਤਪਾਦਕ ਸੰਸਥਾਵਾਂ ਲਈ ਲਾਭ

1. ਵਧੀਆ ਕੀਮਤ ਅਤੇ ਮਜ਼ਬੂਤ ਪਛਾਣ : ਕਿਊ.ਆਰ. ਕੋਡ ਰਾਹੀਂ ਜਦੋਂ ਖ਼ਪਤਕਾਰ ਨੂੰ ਉਤਪਾਦ ਦੀ ਪੂਰੀ ਜਾਣਕਾਰੀ ਮਿਲਦੀ ਹੈ ਤਾਂ ਉਹ ਵੱਧ ਕੀਮਤ ਦੇਣ ਲਈ ਤਿਆਰ ਹੁੰਦਾ ਹੈ । ਇਸ ਨਾਲ ਕਿਸਾਨਾਂ ਦੀ ਆਪਣੀ ਬ੍ਰਾਂਡ ਪਛਾਣ ਬਣ ਜਾਂਦੀ ਹੈ ।

2. ਮਿਲਾਵਟ ਤੇ ਨਕਲ ਤੋਂ ਸੁਰੱਖਿਆ : ਹਰ ਪੈਕਟ 'ਤੇ ਵੱਖਰਾ ਕਿਊ.ਆਰ. ਕੋਡ ਹੋਣ ਕਰਕੇ ਨਕਲੀ ਜਾਂ ਮਿਲਾਵਟੀ ਉਤਪਾਦ ਬਣਾਉਣਾ ਮੁਸ਼ਕਿਲ ਹੋ ਜਾਂਦਾ ਹੈ । ਖ਼ਪਤਕਾਰ ਖ਼ੁਦ ਸਕੈਨ ਕਰਕੇ ਅਸਲੀਅਤ ਦੀ ਜਾਂਚ ਕਰ ਸਕਦੇ ਹਨ ।

3. ਸਰਕਾਰੀ ਸਕੀਮਾਂ ਤੇ ਸਰਟੀਫਿਕੇਸ਼ਨ ਵਿੱਚ ਸਹਾਇਤਾ : ਕਿਊ.ਆਰ. ਕੋਡ ਰਾਹੀਂ ਉਤਪਾਦ ਪਿੱਛੇ ਲੱਗੀ ਜਾਣਕਾਰੀ ਹੋਣ ਕਰਕੇ ਭਾਰਤੀ ਖਾਦ ਸੁਰੱਖਿਆ ਅਤੇ ਮਿਆਰ ਅਥਾਰਟੀ (FSSAI) ਰਜਿਸਟ੍ਰੇਸ਼ਨ, ਆਰਗੈਨਿਕ ਸਰਟੀਫਿਕੇਸ਼ਨ ਤੇ ਭੂਗੋਲਿਕ ਸੰਕੇਤ (79) ਟੈਗ ਲੈਣਾ ਸੌਖਾ ਹੋ ਜਾਂਦਾ ਹੈ ।

4. ਛੋਟੇ ਕਿਸਾਨਾਂ ਲਈ ਅਸਾਨ ਤਕਨਾਲੋਜੀ : ਇਸ ਤਕਨਾਲੋਜੀ ਲਈ ਨਾ ਤਾਂ ਰੇਡੀਓ ਤਰੰਗ ਪਛਾਣ ਚਿਪਾਂ ਦੀ ਲੋੜ ਹੈ ਅਤੇ ਨਾ ਹੀ ਮਹਿੰਗੇ ਸਕੈਨਰਾਂ ਦੀ । ਇੱਕ ਆਮ ਸਮਾਰਟ ਫ਼ੋਨ ਹੀ ਕਾਫ਼ੀ ਹੈ ।

ਕਿਊ.ਆਰ. ਕੋਡ ਤਕਨਾਲੋਜੀ ਕੌਣ ਵਰਤ ਸਕਦਾ ਹੈ

★ ਕਿਸਾਨ (ਕਣਕ, ਝੋਨਾ, ਹਲਦੀ, ਫ਼ਲ, ਸਬਜ਼ੀਆਂ ਆਦਿ ਵੇਚਣ ਵਾਲੇ)।

★ ਕਿਸਾਨ ਉਤਪਾਦਕ ਸੰਸਥਾਵਾਂ ਅਤੇ ਸੈਲਫ ਹੈਲਪ ਗਰੁੱਪ ।

★ ਪਿੰਡ ਪੱਧਰ ਦੇ ਪ੍ਰੋਸੈਸਿੰਗ ਯੂਨਿਟ ।

★ ਹੁਨਰ ਵਿਕਾਸ ਕੇਂਦਰਾਂ ਰਾਹੀਂ ਤਿਆਰ ਕੀਤੇ ਪੇਂਡੂ ਨੌਜਵਾਨ ।

ਕਿਊ. ਆਰ. ਕੋਡ ਬਣਾਉਣ ਦੀ ਵਿਧੀ

1. ਆਪਣੇ ਉਤਪਾਦ ਬਾਰੇ ਮੁੱਢਲੀ ਜਾਣਕਾਰੀ ਲਿਖੋ ਜਿਵੇਂ ਫ਼ਸਲ ਦਾ ਨਾਂਅ, ਤਰੀਕ, ਪ੍ਰੋਸੈਸਿੰਗ ਵਿਧੀ ਆਦਿ ।

2. ਇਹ ਜਾਣਕਾਰੀ ਐਕਸਲ ਸ਼ੀਟ ਜਾਂ ਗੂਗਲ ਸ਼ੀਟ ਵਿੱਚ ਦਰਜ ਕਰੋ ।

3. ਫਾਈਲ ਲਈ ਇੱਕ ਸ਼ੇਅਰ ਕਰਨ ਯੋਗ ਲਿੰਕ ਬਣਾਓ ।

4. ਮੁਫ਼ਤਤਮ ਕਿਊ. ਆਰ. ਕੋਡ ਜਨਰੇਟਰ ਦੀ ਮਦਦ ਨਾਲ ਕਿਊ. ਆਰ. ਕੋਡ ਤਿਆਰ ਕਰੋ ।

5. ਕਿਊ. ਆਰ. ਕੋਡ ਛਾਪ ਕੇ ਉਤਪਾਦ ਦੇ ਪੈਕਟ 'ਤੇ ਲਗਾਓ ।

ਆਉਣ ਵਾਲੇ ਸਮੇਂ ਵਿੱਚ ਲੋਕ ਸਿਰਫ਼ ਸਸਤਾ ਖਾਣਾ ਨਹੀਂ, ਸਗੋਂ ਸਾਫ਼-ਸੁਥਰਾ ਅਤੇ ਭਰੋਸੇਯੋਗ ਖਾਣਾ ਵੀ ਚਾਹੁੰਣਗੇ । ਕਿਊ. ਆਰ. ਕੋਡ ਵਰਗੇ ਸੌਖੇ ਤਰੀਕਿਆਂ ਨਾਲ ਕਿਸਾਨ ਆਪਣੀ ਫ਼ਸਲ ਬਾਰੇ ਪੂਰੀ ਜਾਣਕਾਰੀ ਦੇ ਸਕਦੇ ਹਨ । ਇਸ ਨਾਲ ਫ਼ਸਲ ਦੀ ਪਛਾਣ ਬਣਦੀ ਹੈ ਅਤੇ ਗਾਹਕਾਂ ਦਾ ਭਰੋਸਾ ਵੱਧਦਾ ਹੈ । ਇਹ ਤਕਨਾਲੋਜੀ ਕਿਸਾਨ ਦੀ ਕਮਾਈ ਵਧਾਉਣ ਵਿੱਚ ਮਦਦ ਕਰਦੀ ਹੈ ।

- **ਗੁਰਵੀਰ ਕੌਰ, ਪ੍ਰੀਤੀ**
ਪ੍ਰੋਸੈਸਿੰਗ ਤੇ ਫੂਡ ਇੰਜੀਨੀਅਰਿੰਗ ਵਿਭਾਗ, ਪੀ.ਏ.ਯੂ. ਲੁਧਿਆਣਾ

ਪੰਜਾਬ ਵਿੱਚ ਬਹਾਰ ਰੁੱਤ
ਮੱਕੀ ਦੀ ਕਾਸ਼ਤ ਨੂੰ ਨਿਯੰਤਰਿਤ ਕਰਨ ਦੀ ਲੋੜ

ਸੁਰਿੰਦਰ ਸੰਧੂ ਅਤੇ ਮਹੇਸ਼ ਕੁਮਾਰ,
ਮੱਕੀ ਸੈਕਸ਼ਨ, ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਵਿਭਾਗ,
ਪੀ. ਏ. ਯੂ., ਲੁਧਿਆਣਾ
ਮੋਬਾਇਲ : 81462-38432



ਬਹਾਰ ਰੁੱਤ ਦੀ ਮੱਕੀ ਦਾ ਝਾੜ ਵੱਧ ਹੁੰਦਾ ਹੈ ਕਿਉਂਕਿ ਸ਼ੁਰੂ ਵਿੱਚ ਠੰਡਾ ਮੌਸਮ ਪੌਦਿਆਂ ਦੇ ਵਾਧੇ ਲਈ ਬਿਹਤਰ ਹੁੰਦਾ ਹੈ । ਇਸ ਮੌਸਮ ਵਿੱਚ ਨਦੀਨ ਘੱਟ ਉਗਦੇ ਹਨ ਅਤੇ ਮੱਕੀ ਕੀ ਫ਼ਸਲ ਪੱਕਣ ਲਈ ਤਕਰੀਬਨ 120 ਤੋਂ 125 ਦਿਨ ਲੈਂਦੀ ਹੈ । ਇਸ ਕਰਕੇ ਬਹਾਰ ਰੁੱਤ ਦੀ ਫ਼ਸਲ ਦਾ ਝਾੜ (ਸਾਉਣੀ ਫ਼ਸਲ ਦੇ ਤਕਰੀਬਨ 92-98 ਦਿਨਾਂ ਦੇ ਮੁਕਾਬਲੇ) ਜ਼ਿਆਦਾ ਹੁੰਦਾ ਹੈ । ਇਹੀ ਕਾਰਨ ਹੈ ਕਿ ਤੇਜ਼ੀ ਨਾਲ ਪ੍ਰਚਲਿਤ ਹੋ ਰਿਹਾ ਆਲੂ/ਮਟਰ-ਬਹਾਰ ਰੁੱਤ ਮੱਕੀ-ਝੋਨੇ ਦਾ ਫ਼ਸਲੀ ਚੱਕਰ ਉਭਰਿਆ ਹੈ । ਪਰ ਲਾਭਕਾਰੀ ਹੋਣ ਦੇ ਬਾਵਜੂਦ ਬਹਾਰ ਰੁੱਤ ਮੱਕੀ ਨੂੰ ਜ਼ਿਆਦਾ ਪਾਣੀ ਦੀ ਲੋੜ ਹੁੰਦੀ ਹੈ । ਇਸ ਨੂੰ ਲਗਭਗ 15-18 ਸਿੰਚਾਈਆਂ ਲੱਗਦੀਆਂ ਹਨ । ਪੰਜਾਬ ਖੇਤੀਬਾੜੀ ਯੂਨੀਵਰਸਿਟੀ ਬਹਾਰ ਰੁੱਤ ਮੱਕੀ ਦੀ ਨਿਯੰਤਰਿਤ ਕਾਸ਼ਤ ਦੀ ਸਿਫ਼ਾਰਿਸ਼ ਕਰਦੀ ਹੈ । ਸਥਿਰਤਾ ਦੇ ਦੋ ਸਭ ਤੋਂ ਮਹੱਤਵਪੂਰਨ ਸਤੰਭ ਹਨ :

1. ਸਿਫ਼ਾਰਸ਼ੀ ਸਮੇਂ ਵਿੱਚ ਹੀ ਬਿਜਾਈ ।

2. ਸਿਰਫ ਬੈੱਡ ਤੇ ਤੁਪਕਾ ਸਿੰਚਾਈ ਨਾਲ ਕਾਸ਼ਤ ।



15 ਫ਼ਰਵਰੀ ਤੋਂ ਬਅਦ ਬਿਜਾਈ ਕਰਨ ਨਾਲ ਸ਼ਾਖ ਦੀ ਮੱਖੀ ਦਾ ਹਮਲਾ ਜ਼ਿਆਦਾ ਹੁੰਦਾ ਹੈ । ਦੇਰ ਨਾਲ ਬੀਜੀ ਮੱਕੀ ਜਦੋਂ ਬੂਰ ਅਤੇ ਸੂਤ ਕੱਤਦੀ ਹੈ ਤਾਂ ਤਕਰੀਬਨ 40°C ਤੋਂ ਤਾਪਮਾਨ ਵੱਧ ਹੋਣ ਕਾਰਨ ਬੂਰ ਸੁੱਕ ਜਾਂਦਾ ਹੈ । ਇਸ ਨਾਲ ਪਰ-ਪਰਾਗਣ ਕ੍ਰਿਆ ਵਿੱਚ ਰੁਕਾਵਟ ਪੈ ਜਾਂਦੀ ਹੈ । ਜਿਸ ਕਾਰਨ ਦਾਣੇ ਘੱਟ ਪੈਂਦੇ ਹਨ ਅਤੇ ਝਾੜ ਘੱਟ ਜਾਂਦਾ ਹੈ । ਇਸ ਲਈ ਸਹੀ ਸਮੇਂ ਬਿਜਾਈ ਸਭ ਤੋਂ ਮਹੱਤਵਪੂਰਨ ਫ਼ੈਸਲਾ ਹੈ । ਵਧੇਰੇ ਝਾੜ ਲੈਣ ਲਈ 10 ਕਿਲੋ ਬੀਜ ਪ੍ਰਤੀ ਏਕੜ ਦੀ ਵਰਤੋਂ ਕਰਨੀ ਚਾਹੀਦੀ ਹੈ । ਬਹਾਰ ਰੁੱਤ ਦੀ ਮੱਕੀ ਦੀ ਸਫ਼ਲ ਕਾਸ਼ਤ ਵਿੱਚ ਬੀਜ ਦੀ ਸੋਧ ਦਾ ਅਹਿਮ ਯੋਗਦਾਨ ਹੈ, ਕਿਉਂਕਿ ਇਸ ਨਾਲ ਮੁੱਖ ਕੀੜੇ ਸ਼ਾਖ ਦੀ ਮੱਖੀ ਦੀ ਕਾਰਗਰ ਰੋਕਥਾਮ ਹੋ ਜਾਂਦੀ ਹੈ । ਬੀਜ ਨੂੰ ਕੀਟਨਾਸ਼ਕ ਦਵਾਈ ਗਾਚੋ (ਇਮਿਡਾਕਲੋਪਰਿਡ) 600 ਐਫ.ਐਸ. 6 ਮਿਲੀਲਿਟਰ ਪ੍ਰਤੀ ਕਿਲੋ ਦੇ ਹਿਸਾਬ ਨਾਲ ਸੋਧੋ । ਸੋਧੇ ਹੋਏ ਬੀਜ ਨੂੰ 14 ਦਿਨਾਂ ਦੇ ਅੰਦਰ-ਅੰਦਰ ਹੀ ਵਰਤਣਾ ਚਾਹੀਦਾ ਹੈ ।

ਬੈੱਡ ਤੇ ਬਿਜਾਈ ਦੇ ਲਾਭ : ਬੈੱਡ ਤੇ ਬਿਜਾਈ ਕਰਨ ਨਾਲ ਪੁੰਗਾਰ ਵਧੀਆ ਹੁੰਦਾ ਹੈ, ਫ਼ਸਲ ਘੱਟ ਡਿੱਗਦੀ ਹੈ ਅਤੇ ਪਾਣੀ ਦੀ ਬੱਚਤ ਵੱਧ ਹੁੰਦੀ ਹੈ । ਬੈੱਡ ਤੇ ਕਾਸ਼ਤ ਨਾਲ ਪੱਧਰੀ ਬਿਜਾਈ ਤੋਂ ਲਗਭਗ 17-25% ਤੱਕ ਪੈਦਾਵਾਰ ਵੱਧ ਸਕਦੀ ਹੈ ।

ਤੁਪਕਾ ਸਿੰਚਾਈ : ਪਾਣੀ ਬੱਚਤ ਦਾ ਸਭ ਤੋਂ ਬਿਹਤਰ ਰਾਹ : ਖੁੱਲ੍ਹੀ ਸਿੰਚਾਈ ਬਹੁਤ ਜ਼ਿਆਦਾ ਪਾਣੀ ਦੀ ਖਪਤ ਕਰਦੀ ਹੈ, ਤੁਪਕਾ ਸਿੰਚਾਈ 40% ਤੱਕ ਪਾਣੀ ਦੀ ਬੱਚਤ ਕਰ ਸਕਦੀ ਹੈ ਅਤੇ ਪਾਣੀ ਦੀ ਵਰਤੋਂ ਦੀ ਕੁਸ਼ਲਤਾ ਨੂੰ 15-30% ਤੱਕ ਸੁਧਾਰ ਸਕਦੀ ਹੈ । 20 ਸੈਂਟੀਮੀਟਰ ਚੌੜੇ ਬੈੱਡ ਪ੍ਰਤੀ ਬੈੱਡ ਦੋ ਕਤਾਰਾਂ ਨਾਲ ਤਿਆਰ ਕਰੋ ਅਤੇ 30 ਸੈਂਟੀਮੀਟਰ ਡਰਿਪ ਦੀ ਦੂਰੀ ਰੱਖੋ । ਜੇ ਡਿਸਚਾਰਜ 2.2 ਲੀਟਰ ਪ੍ਰਤੀ ਘੰਟਾ ਪ੍ਰਤੀ ਡਰਿੱਪਰ ਹੋਵੇ ਤਾਂ ਹਰ ਦੂਜੇ ਦਿਨ ਸਿੰਚਾਈ ਦਾ ਸਮਾਂ ਫ਼ਰਵਰੀ, ਮਾਰਚ, ਅਪ੍ਰੈਲ ਅਤੇ ਮਈ ਵਿੱਚ ਕ੍ਰਮਵਾਰ 22, 64, 120 ਅਤੇ 130 ਮਿੰਟ ਰੱਖੋ ਕਿਉਂਕਿ ਤਾਪਮਾਨ ਵੱਧਣ ਦੇ ਨਾਲ-ਨਾਲ ਫ਼ਸਲ ਨੂੰ ਅਪ੍ਰੈਲ ਅਤੇ ਮਈ ਮਹੀਨੇ ਵਿੱਚ ਪਾਣੀ ਦੀ ਵੱਧ ਲੋੜ ਹੁੰਦੀ ਹੈ । ਜਦੋਂ ਮੱਕੀ ਬੂਰ ਤੇ ਸੂਤ ਕੱਤਦੀ ਹੈ ਉਸ ਸਮੇਂ ਸਿੰਚਾਈ ਬਹੁਤ ਜ਼ਰੂਰੀ ਹੈ ਕਿਉਂਕਿ ਤਾਪਮਾਨ ਜ਼ਿਆਦਾ ਹੁੰਦਾ ਹੈ ।

ਨਦੀਨਾਂ ਅਤੇ ਕੀੜਿਆਂ ਦੀ ਰੋਕਥਾਮ : ਪੂਰਾ ਝਾੜ ਲੈਣ ਲਈ ਸ਼ੁਰੂਆਤੀ 4-6 ਹਫ਼ਤੇ ਤੱਕ ਮੱਕੀ ਨੂੰ ਨਦੀਨਾਂ ਤੋਂ ਬਚਾਉਣਾ ਜ਼ਿਆਦਾ ਜ਼ਰੂਰੀ ਹੈ । ਦਰਮਿਆਨੀਆਂ ਤੇ ਭਾਰੀਆਂ ਜ਼ਮੀਨਾਂ ਵਿੱਚ ਫ਼ਸਲ ਉੱਗਣ ਤੋਂ ਪਹਿਲਾਂ 800 ਗ੍ਰਾਮ ਐਟਰਾਟਫ 50 ਡਬਲਯੂ. ਪੀ. (ਐਟਰਾਜੀਨ) ਪ੍ਰਤੀ ਏਕੜ ਅਤੇ ਹਲਕੀਆਂ ਜ਼ਮੀਨਾਂ ਵਿੱਚ 500 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ ਨਾਲ ਬਿਜਾਈ ਤੋਂ 10 ਦਿਨਾਂ ਦੇ ਅੰਦਰ-ਅੰਦਰ 200 ਲਿਟਰ ਪਾਣੀ ਦੀ ਵਰਤੋਂ ਕਰਕੇ ਛਿੜਕਾਅ ਕਰਨ ਨਾਲ ਘਾਹ ਜਾਤੀ ਅਤੇ ਚੌੜੇ ਪੱਤੇ ਵਾਲੇ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ । ਕਿਸਾਨਾਂ ਨੂੰ ਫਾਲ ਆਰਮੀਵਰਮ ਲਈ ਵੀ ਸੁਚੇਤ ਰਹਿਣਾ ਚਾਹੀਦਾ ਹੈ ਜਿਸ ਦੀ ਪਹਿਚਾਣ ਇਸ ਦੇ ਸਿਰ ਤੇ ਉਲਟੇ ਆਕਾਰ ਦੇ Y ਨਿਸ਼ਾਨ ਅਤੇ ਪੂਛ ਦੇ ਸਿਰੇ ਤੇ ਚਾਰ ਕਾਲੇ ਧੱਬੇ ਹਨ । ਇਸ ਕੀੜੇ ਦਾ ਹਮਲਾ ਹੋਵੇ ਤਾਂ ਕੋਰਾਜਨ, ਡੈਲੀਗੇਟ ਜਾਂ ਮਿਜ਼ਾਈਲ ਕੀਟਨਾਸ਼ਕ ਦਾ ਸਿਫ਼ਾਰਸ਼ ਅਨੁਸਾਰ ਛਿੜਕਾਅ ਮੱਕੀ ਦੀ ਗੋਭ ਵੱਲ ਨੂੰ ਕਰਨਾ ਚਾਹੀਦਾ ਹੈ । ਪਰ ਅਫ਼ਸੋਸ ਵਿਸਥਾਰ ਪੰਜਾਬ ਦੀ ਸਮੁੱਚੀ ਖੇਤੀਬਾੜੀ ਸਥਿਰਤਾ ਨੂੰ ਖ਼ਤਰੇ ਵਿੱਚ ਪਾ ਸਕਦਾ ਹੈ ।

ਕੀ ਸਾਂਹ ਫੁਲਦੀ ਹੈ – ਬੋਲਦੇ-ਬੋਲਦੇ?



ਡਾ. ਰਿਪੁਦਮਨ ਸਿੰਘ
ਸਦਭਾਵਨਾ ਮੈਡੀਕਲ ਤੇ ਹਾਰਟ ਇੰਸਟੀਚਿਊਟ, ਪਟਿਆਲਾ
ਮੋ. 98152-00134



ਕਈ ਵਾਰ ਛੋਟੇ-ਛੋਟੇ ਦਿੱਖਣ ਵਾਲੇ ਲੱਛਣ ਕਿਸੇ ਗੰਭੀਰ ਰੋਗ ਦਾ ਸੰਕੇਤ ਹੋ ਸਕਦੇ ਹਨ। ਸਾਂਹ ਫੁਲਣ ਦੀ ਸਮੱਸਿਆ ਨੂੰ ਲੋਕ ਇਵੇਂ ਨਜ਼ਰਅੰਦਾਜ਼ ਕਰ ਦਿੰਦੇ ਹਨ ਜਿਵੇਂ ਕੋਈ ਸਰਦੀ ਜ਼ੁਕਾਮ ਤਾ ਲੱਛਣ ਹੋਵੇ ਪਰ ਗੱਲ ਕਰਦੇ-ਕਰਦੇ ਸਾਂਹ ਫੁੱਲਣਾ ਸਧਾਰਣ ਨਹੀਂ ਹੈ। ਇਸਨੂੰ ਥਕਾਣ ਸਮਝਣ ਦੀ ਭੁੱਲ ਵੀ ਨਹੀਂ ਕਰਨੀ ਚਾਹੀਦੀ। ਜ਼ਿਆਦਾ ਏਕਸਰਸਾਇਜ ਦੇ ਬਾਅਦ ਜਾਂ ਜ਼ਿਆਦਾ ਸਰੀਰਕ ਮਿਹਨਤ ਕਰਨ ਤੋਂ ਸਾਂਹ ਫੁਲ ਜਾਣਾ ਇੱਕ ਸਾਧਾਰਣ ਗੱਲ ਹੋਵੇ ਪਰ ਜਦੋਂ ਗੱਲ ਕਰਦੇ-ਕਰਦੇ ਵਿਅਕਤੀ ਦੀ ਸਾਂਹ ਫੁਲ ਜਾਵੇ ਤਾਂ ਇਸ ਲੱਛਣ ਉੱਤੇ ਗੌਰ ਕਰਨਾ ਚਾਹੀਦਾ ਹੈ। ਇਹ ਕੋਈ ਸਧਾਰਣ ਹਾਲਤ ਨਹੀਂ ਹੈ। ਬੋਲਦੇ ਸਮੇਂ ਸਾਂਹ ਫੁਲ ਰਹੀ ਹੈ ਤਾਂ ਇਸਦਾ ਮਤਲਬ ਇਹ ਹੋ ਸਕਦਾ ਹੈ ਕਿ ਫੇਫੜੇ, ਹਾਰਟ ਜਾਂ ਮਾਸਪੇਸ਼ੀਆਂ ਸਰੀਰ ਦੀ ਆਕਸੀਜਨ ਦੀ ਜ਼ਰੂਰਤ ਨੂੰ ਠੀਕ ਢੰਗ ਨਾਲ ਪੂਰਾ ਨਹੀਂ ਕਰ ਰਹੀ। ਡਾ. ਸੰਮਾਨ ਵਰਕਾਂ, ਸਦਭਾਵਨਾ ਮੈਡੀਕਲ ਤੇ ਹਾਰਟ ਇੰਸਟੀਚਿਊਟ, ਪਟਿਆਲਾ ਦੇ ਦਿਲ ਦੇ ਮਾਹਿਰ ਨੇ ਦੱਸਿਆ ਕਿ ਗੱਲ ਕਰਦੇ ਸਮੇਂ ਸਾਂਹ ਫੁਲਣਾ ਜਿਸਨੂੰ ਮੈਡੀਕਲ ਭਾਸ਼ਾ ਵਿੱਚ ਏਕਸਰਸ਼ਨਲ ਡਿਸਪੇਨਿਆ (Exertional Dyspnea) ਕਿਹਾ ਜਾਂਦਾ ਹੈ ਆਮ ਲੇਕਿਨ ਗੰਭੀਰ ਸਮੱਸਿਆ ਹੋ ਸਕਦੀ ਹੈ।

ਬੋਲਦੇ-ਬੋਲਦੇ ਸਾਂਹ ਫੁਲਣ ਦੀ ਸਮੱਸਿਆ ਨੂੰ ਹਲਕੇ ਵਿੱਚ ਨਾ ਲਵੋ

★ ਜੇਕਰ ਤੁਹਾਨੂੰ ਹਾਰਟ ਦਾ ਰੋਗ ਹੈ ਤਾਂ ਸਰੀਰ ਨੂੰ ਸਮਰੱਥ ਆਕਸੀਜਨ ਨਾ ਮਿਲਣ ਦੇ ਕਾਰਨ ਸਾਂਹ ਫੁੱਲਣਾ, ਸੀਨੇ ਵਿੱਚ ਭਾਰੀਪਨ ਆਉਣਾ ਥਕਾਨ ਵਰਗੇ ਲੱਛਣ ਦਿਖਾਈ ਦੇ ਸਕਦੇ ਹਨ।

★ ਜਿਨ੍ਹਾਂ ਲੋਕਾਂ ਦੇ ਸਰੀਰ ਵਿੱਚ ਖੂਨ ਦੀ ਘਾਟ ਹੁੰਦੀ ਹੈ ਉਨ੍ਹਾਂ ਨੂੰ ਛੋਟੇ ਕੰਮ ਜਾਂ ਬੋਲਣ ਚਲਣ ਵਿੱਚ ਵੀ ਸਾਂਹ ਫੁਲਣ ਦੀ ਸਮੱਸਿਆ ਹੁੰਦੀ ਹੈ।

★ ਜ਼ਿਆਦਾ ਸਟਰੇਸ ਜਾਂ ਬੇਚੈਨੀ ਦੇ ਕਾਰਨ ਸਾਂਹ ਲੈਣ ਦੀ ਰਫ਼ਤਾਰ ਤੇਜ਼ ਹੋ ਜਾਂਦੀ ਹੈ ਅਤੇ ਗੱਲ ਕਰਦੇ ਸਮੇਂ ਵਿਅਕਤੀ ਹਫਨ ਲੱਗਦਾ ਹੈ।

★ ਥਾਇਰਾਇਡ ਹਾਰਮੋਨ ਦੇ ਅਸੰਤੁਲਨ ਦੇ ਕਾਰਨ ਵੀ ਸਾਂਹ ਫੁਲਣ ਦੀ ਸਮੱਸਿਆ ਹੋ ਸਕਦੀ ਹੈ।

★ ਜਿਹੜੇ ਲੋਕ ਮੋਟਾਪੇ ਦਾ ਸ਼ਿਕਾਰ ਹੁੰਦੇ ਹਨ ਉਨ੍ਹਾਂ ਵਿੱਚ ਫੇਫੜੇ ਅਤੇ ਡਾਇਫਰਾਮ ਉੱਤੇ ਦਬਾਅ ਜ਼ਿਆਦਾ ਪੈਂਦਾ ਹੈ ਜਿਸ ਤੋਂ ਸਾਂਹ ਲੈਣ ਵਿੱਚ ਦਿੱਕਤ ਮਹਿਸੂਸ ਹੁੰਦੀ ਹੈ।

ਦਿਲ ਨਾਲ ਜੁੜੀਆਂ ਸਮੱਸਿਆਵਾਂ

★ **ਹਾਰਟ ਫੇਲਿਇਰ** : ਦਿਲ ਕਮਜ਼ੋਰ ਹੋਣ ਕਾਰਣ ਫੇਫੜਿਆਂ ਵਿੱਚ ਤਰਲ ਜਮਾਂ ਹੋ ਜਾਂਦਾ ਹੈ ਜਿਸ ਦੇ ਨਾਲ ਬੋਲਦੇ ਸਮੇਂ ਜ਼ਿਆਦਾ ਮਿਹਨਤ ਕਰਨੀ ਪੈਂਦੀ ਹੈ।

★ **ਪਲਮੋਨਰੀ ਏਂਬੋਲਿਜਮ** : ਫੇਫੜਿਆਂ ਦੀ ਧਮਣੀ ਵਿੱਚ ਖੂਨ ਦਾ ਥੱਕਾ ਬਨਣਾ ਜਿਸ ਦੇ ਨਾਲ ਅਚਾਨਕ ਸਾਂਹ ਫੁਲਣ ਲੱਗਦੀ ਹੈ।

★ **ਏਨੀਮਿਆ** : ਲਾਲ ਰਕਤ ਕੋਸ਼ਿਕਾਵਾਂ ਘੱਟ ਹੋਣ ਨਾਲ ਸਰੀਰ ਦੇ ਟਿਸਯਗਜ ਤੱਕ ਆਕਸੀਜਨ ਘੱਟ ਪੁੱਜਦੀ ਹੈ ਇਸ ਲਈ ਲੰਮੀ ਗੱਲ ਕਰਨਾ ਮੁਸ਼ਕਲ ਲੱਗਦਾ ਹੈ।

★ ਜੇਕਰ ਇਹ ਸਮੱਸਿਆ ਵਾਰ-ਵਾਰ ਹੋ ਰਹੀ ਹੈ, ਅਚਾਨਕ ਸ਼ੁਰੂ ਹੋਈ ਹੈ ਜਾਂ ਇਸਦੇ ਨਾਲ ਸੀਨੇ ਵਿੱਚ ਦਰਦ, ਚੱਕਰ ਜਾਂ ਬੇਹੋਸ਼ੀ ਵਰਗਾ ਮਹਿਸੂਸ ਹੋਵੇ ਤਾਂ ਤੁਰੰਤ ਡਾਕਟਰ ਨਾਲ ਸੰਪਰਕ ਕਰੋ।

ਸਾਂਹ ਫੁਲਣਾ ਫੇਫੜਿਆਂ ਦੀ ਸਮੱਸਿਆ ਦਾ ਲੱਛਣ

ਨੇਸ਼ਨਲ ਲਾਇਬਰੇਰੀ ਆਫ ਮੇਡਿਸਿਨ ਦੀ ਮੇਡਲਾਇਨ ਪਲਸ ਦੇ ਮੁਤਾਬਕ ਸਾਂਹ ਫੁਲਣ ਉੱਤੇ ਵਿਅਕਤੀ ਨੂੰ ਸਾਂਹ ਲੈਣ ਵਿੱਚ ਕਠਿਨਾਈ ਹੁੰਦੀ ਹੈ। ਅਜਿਹਾ ਫੇਫੜਿਆਂ ਦੀ ਸਮੱਸਿਆ ਜਿਵੇਂ ਅਸਥਮਾ ਜਾਂ ਨਿਮੋਨਿਆ ਦੇ ਕਾਰਨ ਹੋ ਸਕਦਾ ਹੈ। ਅਸਥਮਾ, ਬਰੋਂਕਾਇਟਸ ਜਾਂ ਸੀਓਪੀਡੀ ਵਰਗੀ ਹਾਲਤ ਵਿੱਚ ਵੀ ਸਾਂਹ ਦੀਆਂ ਨਲੀਆਂ ਸੁਕੜ ਜਾਂਦੀਆਂ ਹਨ। ਇਸ ਤੋਂ ਹਵਾ ਦਾ ਪਰਵਾਹ ਘੱਟ ਹੋ ਜਾਂਦਾ ਹੈ ਅਤੇ ਬੋਲਦੇ-ਬੋਲਦੇ ਸਾਂਹ ਚੜ੍ਹਨ ਲੱਗਦਾ ਹੈ। ਏਰਜਾਇਟੀ, ਪੈਨਿਕ ਅਟੈਕ ਜਾਂ ਮਾਨਸਿਕ ਸਮੱਸਿਆ ਵਿੱਚ ਵੀ ਸਾਂਹ ਦੀ ਸਮੱਸਿਆ ਹੋ ਸਕਦੀ ਹੈ। ਵਾਰ-ਵਾਰ ਸਾਂਹ ਫੁਲਣ ਉੱਤੇ ਡਾਕਟਰ ਨਾਲ ਸਲਾਹ ਲੈਣਾ ਜ਼ਰੂਰੀ ਹੈ ਕਿਉਂਕਿ ਇਹ ਇੱਕ ਗੰਭੀਰ ਸਮੱਸਿਆ ਹੋ ਸਕਦੀ ਹੈ।

ਜੇਕਰ ਬੋਲਦੇ-ਬੋਲਦੇ ਸਾਂਹ ਫੁਲ ਜਾਂਦੀ ਹੈ ਤਾਂ ਇਹ ਹਾਲਤ ਸਧਾਰਨ ਨਹੀਂ ਹੈ। ਇਸਦਾ ਕਾਰਨ ਅਸਥਮਾ, ਹਾਰਟ ਦਾ ਰੋਗ, ਜ਼ਿਆਦਾ ਸਟਰੇਸ, ਮੋਟਾਪਾ, ਹਾਰਮੋਨਲ ਅਸੰਤੁਲਨ ਜਾਂ ਸਰੀਰ ਵਿੱਚ ਖੂਨ ਦੀ ਕਮੀ ਵੀ ਹੋ ਸਕਦੀ ਹੈ।

ਖੁੰਬਾਂ ਦੀ ਪ੍ਰੋਸੈਸਿੰਗ ਕਰਕੇ ਮੁੱਲ ਵਾਧਾ ਉਤਪਾਦਾਂ ਵਿੱਚ ਬਦਲੋ

ਖੁੰਬਾਂ ਦੀ ਪ੍ਰੋਸੈਸਿੰਗ ਦਾ ਅਰਥ ਹੈ ਤਾਜ਼ੀਆਂ ਖੁੰਬਾਂ ਨੂੰ ਵਧੇਰੇ ਮੁੱਲ ਵਾਲੇ ਉਤਪਾਦਾਂ ਵਿੱਚ ਬਦਲਣਾ, ਤਾਂ ਜੋ ਉਨ੍ਹਾਂ ਨੂੰ ਲੰਮੇ ਸਮੇਂ ਤੱਕ ਸੰਭਾਲ ਕੇ ਰੱਖਿਆ ਜਾ ਸਕੇ ਅਤੇ ਆਸਾਨੀ ਨਾਲ ਵਰਤਿਆ ਜਾ ਸਕੇ। ਜੇਕਰ ਖੁੰਬਾਂ ਦੀ ਪ੍ਰੋਸੈਸਿੰਗ ਕੀਤੀ ਜਾਵੇ ਤਾਂ ਇਸ ਨਾਲ ਖੁੰਬਾਂ ਦੀ ਤੁੜਾਈ ਤੋਂ ਬਾਅਦ ਇਨ੍ਹਾਂ ਨੂੰ ਸਟੋਰ ਕਰਕੇ ਰੱਖਣ ਦੀ ਮਿਆਦ ਵਧਾਈ ਜਾ ਸਕਦੀ ਹੈ, ਉਤਪਾਦਕਾਂ ਦੀ ਆਮਦਨ ਵਿੱਚ ਵਾਧਾ ਹੁੰਦਾ ਹੈ ਅਤੇ ਸਵੈ-ਰੋਜ਼ਗਾਰ ਦੇ ਮੌਕੇ ਬਣਦੇ ਹਨ। ਖੁੰਬਾਂ ਨੂੰ ਕਈ ਤਰੀਕਿਆਂ ਨਾਲ ਪ੍ਰੋਸੈਸ ਕੀਤਾ ਜਾ ਸਕਦਾ ਹੈ ਜਿਵੇਂ ਕਿ ਸੁਕਾ ਕੇ, ਪਾਊਡਰ ਬਣਾ ਕੇ, ਅਚਾਰ ਪਾ ਕੇ, ਕੈਨਿੰਗ ਵਿਧੀ ਰਾਹੀਂ ਆਦਿ।

ਘਰੇਲੂ ਜਾਂ ਵਪਾਰਕ ਪੱਧਰ ਤੇ ਖੁੰਬਾਂ ਨੂੰ ਪ੍ਰੋਸੈਸ ਕਰਨ ਦੇ ਅਸਾਨ ਤਰੀਕੇ

ਘਰੇਲੂ ਜਾਂ ਵਪਾਰਕ ਪੱਧਰ 'ਤੇ ਖੁੰਬਾਂ ਦਾ



ਅਚਾਰ ਅਤੇ ਪਾਊਡਰ ਹੇਠਾਂ ਦਿੱਤੀਆਂ ਵਿਧੀਆਂ ਨਾਲ ਬਹੁਤ ਅਸਾਨੀ ਅਤੇ ਘੱਟ ਨਿਵੇਸ਼ ਨਾਲ ਤਿਆਰ ਕੀਤੇ ਜਾ ਸਕਦੇ ਹਨ।

ਖੁੰਬਾਂ ਦਾ ਅਚਾਰ

ਸਮੱਗਰੀ	ਮਾਤਰਾ
ਬਟਨ	ਖੁੰਬਾਂ 1 ਕਿਲੋ
ਸਰ੍ਹੋਂ ਦਾ ਤੇਲ	250 ਮਿ. ਲੀ.
ਨਮਕ	20-30 ਗ੍ਰਾਮ
ਹਲਦੀ	5 ਗ੍ਰਾਮ
ਲਾਲ ਮਿਰਚ ਪਾਊਡਰ	5 ਗ੍ਰਾਮ
ਰਾਈ	30 ਗ੍ਰਾਮ
ਮੇਥਰੇ	5 ਗ੍ਰਾਮ
ਸੌਂਫ	15 ਗ੍ਰਾਮ
ਸਿਰਕਾ	50 ਮਿ.ਲੀ.

ਵਿਧੀ

★ ਖੁੰਬਾਂ ਨੂੰ ਧੋ ਕੇ ਕੱਟ ਲਓ।

★ ਖੁੰਬਾਂ ਨੂੰ 5-7 ਮਿੰਟ ਪਾਣੀ ਵਿੱਚ ਉਬਾਲੋ 'ਤੇ ਇਹ ਠੰਢੇ ਪਾਣੀ ਵਿੱਚ ਪਾ ਕੇ ਬਾਹਰ ਕੱਢ ਕੇ ਹਲਕਾ ਸੁਕਾ ਲਓ ਤਾਂ ਜੋ ਬਾਹਰੀ ਸਤਹ ਤੋਂ ਪਾਣੀ ਸੁੱਕ ਜਾਵੇ।

★ ਸਰ੍ਹੋਂ ਦਾ ਤੇਲ ਗਰਮ ਕਰਕੇ ਠੰਢਾ ਕਰੋ।

★ ਮਸਾਲਿਆਂ ਨੂੰ ਹਲਕਾ ਭੁੰਨ ਕੇ ਪੀਸ ਲਓ।

ਖੁੰਬਾਂ ਵਿੱਚ ਤੇਲ, ਨਮਕ, ਮਸਾਲੇ ਅਤੇ ਸਿਰਕਾ ਪਾ ਕੇ ਚੰਗੀ ਤਰ੍ਹਾਂ ਮਿਲਾਓ।

★ ਕੱਚ ਦੇ ਜਾਰ ਵਿੱਚ ਭਰ ਕੇ 3-4 ਦਿਨ ਧੁੱਪ ਵਿੱਚ ਰੱਖੋ (ਸਟੋਰ ਕਰਕੇ ਰੱਖਣ ਦੀ ਮਿਆਦ : 3-6 ਮਹੀਨੇ)।

ਖੁੰਬਾਂ ਦਾ ਪਾਊਡਰ

ਬਟਨ ਖੁੰਬਾਂ ਜਾਂ ਢੀਂਗਰੀ ਖੁੰਬਾਂ

ਵਿਧੀ

★ ਖੁੰਬਾਂ ਨੂੰ ਧੋ ਕੇ ਕੱਟ ਲਓ।

★ ਖੁੰਬਾਂ ਨੂੰ 57 ਮਿੰਟ ਪਾਣੀ ਵਿੱਚ ਉਬਾਲੋ 'ਤੇ ਫਿਰ ਠੰਢੇ ਪਾਣੀ ਵਿੱਚ ਪਾ ਕੇ ਬਾਹਰ ਕੱਢ ਕੇ ਹਲਕਾ ਸੁਕਾ ਲਓ।

★ ਖੁੰਬਾਂ ਨੂੰ ਧੁੱਪ ਵਿੱਚ, ਸੋਲਰ ਡ੍ਰਾਇਰ ਜਾਂ ਓਵਨ (50-60°C) ਵਿੱਚ ਪੂਰੀ ਤਰ੍ਹਾਂ ਨਮੀ ਰਹਿਤ ਹੋਣ ਤੱਕ ਸੁਕਾਓ।

★ ਸੁੱਕੀਆਂ ਖੁੰਬਾਂ ਨੂੰ ਬਰੀਕ ਪੀਸ ਕੇ ਪਾਊਡਰ ਬਣਾ ਲਓ ਅਤੇ ਚੰਗੀ ਤਰ੍ਹਾਂ ਛਾਣ ਲਓ।

★ ਪਾਊਡਰ ਨੂੰ ਹਵਾ ਬੰਦ ਡੱਬਿਆਂ ਵਿੱਚ ਸਟੋਰ ਕਰੋ।

ਤੁਸੀਂ ਖੁੰਬਾਂ ਦੇ ਪਾਊਡਰ ਦਾ ਸੇਵਨ ਕਰਨ ਲਈ ਇਸ ਦੇ 1-2 ਚਮਚ ਘਰੇ ਬਣਨ ਵਾਲੀਆਂ ਸਬਜ਼ੀਆਂ, ਦਾਲ, ਸੂਪ, ਰੋਟੀ ਜਾਂ ਸਨੈਕਸ ਆਦਿ ਵਿੱਚ ਪਾ ਕੇ ਕਰ ਸਕਦੇ ਹੋ। ਇਸ ਤਰ੍ਹਾਂ ਇਨ੍ਹਾਂ ਦਾ ਸੁਆਦ ਅਤੇ ਪੌਸ਼ਟਿਕਤਾ ਵਿੱਚ ਵਾਧਾ ਹੋਵੇਗਾ।

ਖੁੰਬਾਂ ਨੂੰ ਸੁਕਾਉਣ ਵੇਲੇ ਧਿਆਨ ਦੇਣ ਯੋਗ ਗੱਲਾਂ

★ ਟ੍ਰੇ ਜਾਂ ਕੱਪੜੇ 'ਤੇ ਖੁੰਬਾਂ ਨੂੰ ਸੁਕਾਉਣ ਲਈ ਇਨ੍ਹਾਂ ਦੀ ਪਤਲੀ ਤਹਿ (ਇੱਕ ਪਰਤ) ਫੈਲਾਓ।

★ ਸੁੱਕਣ ਦੀ ਜਾਂਚ ਕਰੋ। ਜਦ ਖੁੰਬ ਪੂਰੀ ਤਰ੍ਹਾਂ ਸੁੱਕ ਜਾਂਦੀ ਹੈ ਤਾਂ ਮੋੜਨ 'ਤੇ ਆਸਾਨੀ ਨਾਲ ਟੁੱਟ ਜਾਂਦੀ ਹੈ। ਕੋਈ ਨਰਮਾਈ ਜਾਂ ਚਿਪਚਿਪਾਪਣ ਨਹੀਂ ਰਹਿਣਾ ਚਾਹੀਦਾ।

ਸਿੱਧੀ ਧੁੱਪ ਵਿੱਚ ਸੁਕਾਉਣਾ

★ ਖੁੰਬਾਂ ਨੂੰ ਟ੍ਰੇਆਂ ਵਿੱਚ ਫੈਲਾਅ ਕੇ ਸਿੱਧੀ ਧੁੱਪ ਵਿੱਚ ਰੱਖੋ।

★ ਧੂੜ ਅਤੇ ਕੀੜਿਆਂ ਤੋਂ ਬਚਾਅ ਲਈ ਪਤਲੇ ਕੱਪੜੇ ਜਾਂ ਜਾਲੀ ਨਾਲ ਢੱਕੋ।

★ ਦਿਨ ਵਿੱਚ ਇੱਕ ਜਾਂ ਦੋ ਵਾਰ ਖੁੰਬਾਂ ਦੇ ਟੁਕੜੇ ਪਲਟੋ।

★ ਤੇਜ ਧੁੱਪ ਵਿੱਚ ਸੁਕਾਉਣ ਵਿੱਚ 2-3 ਦਿਨ ਲੱਗ ਸਕਦੇ ਹਨ।

ਸੋਲਰ ਡ੍ਰਾਇਅਰ ਵਿੱਚ ਸੁਕਾਉਣਾ

★ ਕੱਟੀਆਂ ਖੁੰਬਾਂ ਨੂੰ ਡ੍ਰਾਇਅਰ ਦੀਆਂ ਟ੍ਰੇਆਂ 'ਤੇ ਰੱਖੋ।

★ ਸੇਕ ਬਣਾਈ ਰੱਖਣ ਲਈ ਡ੍ਰਾਇਅਰ ਨੂੰ ਚੰਗੀ ਤਰ੍ਹਾਂ ਬੰਦ ਕਰੋ ਅਤੇ ਸਮੇਂ-ਸਮੇਂ 'ਤੇ ਸੂਰਜ ਦੀ ਦਿਸ਼ਾ ਅਨੁਸਾਰ ਡ੍ਰਾਇਅਰ ਨੂੰ ਘੁਮਾਉਂਦੇ ਰਹੋ।



★ ਸੋਲਰ ਡ੍ਰਾਇਅਰ ਵਿੱਚ ਸੁਕਾਉਣਾ ਧੁੱਪ ਵਿੱਚ ਸਿੱਧਾ ਸੁਕਾਉਣ ਨਾਲੋਂ ਤੇਜ਼ ਅਤੇ ਸਾਫ਼ ਹੁੰਦਾ ਹੈ।

★ ਸੁਕਾਉਣ ਵਿੱਚ 1-2 ਦਿਨ ਲੱਗਦੇ ਹਨ।

ਓਵਨ ਜਾਂ ਟ੍ਰੇ ਡ੍ਰਾਇਅਰ ਵਿੱਚ ਸੁਕਾਉਣਾ

★ ਓਵਨ ਦਾ ਤਾਪਮਾਨ 50-60° ਸੈਲਸ਼ੀਅਸ 'ਤੇ ਸੈੱਟ ਕਰੋ।

★ ਖੁੰਬਾਂ ਦੇ ਟੁਕੜਿਆਂ ਨੂੰ ਟ੍ਰੇਆਂ 'ਤੇ ਬਰਾਬਰ ਫੈਲਾਓ।

★ ਖੁੰਬਾਂ 6-8 ਘੰਟਿਆਂ ਲਈ ਸੁੱਕ ਜਾਂਦੀਆਂ ਹਨ (ਇਸ ਸਮੇਂ ਦੌਰਾਨ ਥੋੜੀ-ਥੋੜੀ ਦੇਰ ਬਾਅਦ ਖੁੰਬਾਂ ਚੈੱਕ ਕਰਦੇ ਰਹੋ)।

ਤਾਜ਼ੀਆਂ ਖੁੰਬਾਂ ਨੂੰ ਸਾਫ-ਸੁਥਰੇ ਤਰੀਕੇ ਨਾਲ ਪ੍ਰੋਸੈੱਸ ਕਰਕੇ ਅਚਾਰ ਅਤੇ ਪਾਊਡਰ ਵਰਗੇ ਮੁੱਲ-ਵਰਧਕ ਉਤਪਾਦਾਂ ਵਿੱਚ ਬਦਲ ਕੇ, ਸਧਾਰਨ ਪੈਕੇਜਿੰਗ ਅਤੇ ਸਥਾਨਕ ਮਾਰਕੀਟਿੰਗ ਦੀ ਵਰਤੋਂ ਕਰਕੇ ਚੰਗਾ ਮੁਨਾਫਾ ਪ੍ਰਾਪਤ ਕੀਤਾ ਜਾ ਸਕਦਾ ਹੈ।

ਮਨਪ੍ਰੀਤ ਕੌਰ ਅਤੇ ਸੁਖਦੀਪ ਕੌਰ
ਕ੍ਰਿਸ਼ੀ ਵਿਗਿਆਨ ਕੇਂਦਰ, ਅੰਮ੍ਰਿਤਸਰ
ਮੋਬਾਇਲ 94789-24538

ਜੇਕਰ ਕਿਸਾਨ ਵੀਰ ਸਾਉਣੀ ਦੇ ਮੌਸਮ ਵਿੱਚ ਪਿਆਜ਼ ਦੀ ਖੇਤੀ ਕਰਨ, ਤਾਂ ਉਹ ਨਾ ਸਿਰਫ਼ ਆਪਣੀ ਆਮਦਨ ਵਿੱਚ ਵਾਧਾ ਕਰ ਸਕਦੇ ਹਨ, ਸਗੋਂ ਮਾਰਕੀਟ ਵਿੱਚ ਪਿਆਜ਼ ਦੀ ਨਿਰੰਤਰ ਸਪਲਾਈ ਨੂੰ ਵੀ ਯਕੀਨੀ ਬਣਾ ਸਕਦੇ ਹਨ। ਹਾਲਾਂਕਿ, ਗਰਮੀ ਦੇ ਮੌਸਮ ਦੌਰਾਨ ਉੱਚ ਤਾਪਮਾਨ ਅਤੇ ਮਾਨਸੂਨ ਦੀ ਸ਼ੁਰੂਆਤ 'ਤੇ ਭਾਰੀ ਵਰਖਾ ਜਾਂ ਖੇਤਾਂ ਵਿੱਚ ਪਾਣੀ ਖੜ੍ਹਾ ਹੋ ਜਾਣ ਕਾਰਨ ਸਾਉਣੀ ਦੇ ਪਿਆਜ਼ ਦੀ ਸਿਹਤਮੰਦ ਨਰਸਰੀ ਤਿਆਰ ਕਰਨ ਵਿੱਚ ਬਹੁਤ ਜ਼ਿਆਦਾ ਮੁਸ਼ਕਿਲ ਆਉਂਦੀ ਹੈ।



ਸਾਉਣੀ ਦੇ ਪਿਆਜ਼ ਦੀ ਸਫ਼ਲ ਕਾਸ਼ਤ

ਅਮਰਜੀਤ ਸਿੰਘ ਸੰਧੂ ਅਤੇ ਸੁਖਜਿੰਦਰ ਸਿੰਘ ਮਾਨ,
ਫਾਰਮ ਸਲਾਹਕਾਰ ਸੇਵਾ ਕੇਂਦਰ, ਬਠਿੰਡਾ (ਮੋਬਾਇਲ 88722-00120)

ਪਿਆਜ਼ ਦੀ ਕਾਸ਼ਤ ਮੁੱਖ ਤੌਰ ਤੇ ਹਾੜ੍ਹੀ ਦੇ ਮੌਸਮ ਵਿੱਚ ਕੀਤੀ ਜਾਂਦੀ ਹੈ। ਹਾੜ੍ਹੀ ਦੀ ਫ਼ਸਲ ਅਪ੍ਰੈਲ-ਮਈ ਵਿੱਚ ਪੁਟਾਈ ਲਈ ਤਿਆਰ ਹੋ ਜਾਂਦੀ ਹੈ ਅਤੇ ਇਸ ਦੀ ਘਰੇਲੂ ਖਪਤ ਅਤੇ ਮਾਰਕੀਟਿੰਗ ਲਈ ਇਸਨੂੰ ਅਗਲੇ 4-6 ਮਹੀਨੇ ਤੱਕ ਸੰਭਾਲ ਕੇ ਰੱਖਿਆ ਜਾਂਦਾ ਹੈ। ਪਰ ਉੱਤਰੀ ਭਾਰਤ ਵਿੱਚ ਨਵੰਬਰ ਤੋਂ ਜਨਵਰੀ ਤੱਕ ਪਿਆਜ਼ ਦੀ ਸਪਲਾਈ ਵਿੱਚ ਕਮੀ ਕਾਰਨ ਪਿਆਜ਼ ਦੀਆਂ ਕੀਮਤਾਂ ਵਿੱਚ ਤੇਜ਼ੀ ਨਾਲ ਵਾਧਾ ਹੋ ਜਾਂਦਾ ਹੈ। ਇਸ ਲਈ, ਜੇਕਰ ਕਿਸਾਨ ਵੀਰ ਸਾਉਣੀ ਦੇ ਮੌਸਮ ਵਿੱਚ ਪਿਆਜ਼ ਦੀ ਖੇਤੀ ਕਰਨ, ਤਾਂ ਉਹ ਨਾ ਸਿਰਫ਼ ਆਪਣੀ ਆਮਦਨ ਵਿੱਚ ਵਾਧਾ ਕਰ ਸਕਦੇ ਹਨ, ਸਗੋਂ ਮਾਰਕੀਟ ਵਿੱਚ ਪਿਆਜ਼ ਦੀ ਨਿਰੰਤਰ ਸਪਲਾਈ ਨੂੰ ਵੀ ਯਕੀਨੀ ਬਣਾ ਸਕਦੇ ਹਨ। ਹਾਲਾਂਕਿ, ਗਰਮੀ ਦੇ ਮੌਸਮ ਦੌਰਾਨ ਉੱਚ ਤਾਪਮਾਨ ਅਤੇ ਮਾਨਸੂਨ ਦੀ ਸ਼ੁਰੂਆਤ 'ਤੇ ਭਾਰੀ ਵਰਖਾ ਜਾਂ ਖੇਤਾਂ ਵਿੱਚ ਪਾਣੀ ਖੜ੍ਹਾ ਹੋ ਜਾਣ ਕਾਰਨ ਸਾਉਣੀ ਦੇ ਪਿਆਜ਼ ਦੀ ਸਿਹਤਮੰਦ ਨਰਸਰੀ ਤਿਆਰ ਕਰਨ ਵਿੱਚ ਬਹੁਤ ਜ਼ਿਆਦਾ ਮੁਸ਼ਕਿਲ ਆਉਂਦੀ ਹੈ।

ਇਸ ਲਈ, ਸਾਉਣੀ ਦੇ ਪਿਆਜ਼ ਦੀਆਂ ਗੰਢੀਆਂ ਖੁਦ ਤਿਆਰ ਕਰਕੇ ਸਾਉਣੀ ਦੇ ਪਿਆਜ਼ ਦੀ ਚੰਗੀ ਪੈਦਾਵਾਰ ਲਈ ਉੱਤਮ ਗੁਣਵੱਤਾ ਵਾਲੀ ਫ਼ਸਲ ਨਵੰਬਰ-ਦਸੰਬਰ ਦੌਰਾਨ ਵੇਚ ਕੇ ਵਧੇਰੇ ਮੁਨਾਫ਼ਾ ਕਮਾਇਆ ਜਾ ਸਕਦਾ ਹੈ। ਸੋ, ਕਿਸਾਨ ਵੀਰ ਹੇਠ ਲਿਖੀਆਂ ਤਕਨੀਕਾਂ ਅਪਣਾ ਕੇ ਆਸਾਨੀ ਨਾਲ ਉੱਚ ਗੁਣਵੱਤਾ ਵਾਲੀਆਂ ਪਿਆਜ਼ ਦੀਆਂ ਗੰਢੀਆਂ ਤਿਆਰ ਕਰ ਸਕਦੇ ਹਨ।



ਸਿਫ਼ਾਰਿਸ਼ ਕਿਸਮਾਂ : ਪੰਜਾਬ ਵਿੱਚ ਸਾਉਣੀ ਦੇ ਪਿਆਜ਼ ਦੀ ਕਾਸ਼ਤ ਲਈ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵੱਲੋਂ ਐਗਰੀਫਿੰਡ ਡਾਰਕ ਰੈੱਡ ਕਿਸਮ ਦੀ ਹੀ ਸਿਫ਼ਾਰਿਸ਼ ਕੀਤੀ ਗਈ ਹੈ। ਇਸ ਕਿਸਮ ਦਾ ਔਸਤ ਝਾੜ 120 ਕੁਇੰਟਲ ਪ੍ਰਤੀ ਏਕੜ ਹੈ ਅਤੇ ਇਸ ਕਿਸਮ ਦੇ ਗੰਢੇ ਇੱਕਸਾਰ ਗੂੜ੍ਹੇ ਲਾਲ, ਦਰਮਿਆਨੇ ਆਕਾਰ ਦੇ (70-80 ਗ੍ਰਾਮ) ਗੋਲ ਅਤੇ ਘੁੱਟਵੇਂ ਛਿਲਕੇ ਅਤੇ ਦਰਮਿਆਨੀ ਕੁੜੱਤਣ ਵਾਲੇ ਹੁੰਦੇ ਹਨ।

ਬਿਜਾਈ ਦਾ ਸਮਾਂ : ਸਾਉਣੀ ਦੇ ਗੰਢਿਆਂ ਦੀ ਪਨੀਰੀ ਬੀਜਣ ਦਾ ਢੁਕਵਾਂ ਸਮਾਂ ਜੂਨ ਦਾ ਅੱਧ ਹੈ। ਪਰੰਤੂ, ਇਸ ਸਮੇਂ ਜ਼ਿਆਦਾ ਗਰਮੀ ਅਤੇ ਮੀਂਹ ਦੇ ਮੌਸਮ ਵਿੱਚ ਬਾਰਿਸ਼ਾਂ ਦੀ ਮਾਰ ਕਾਰਨ ਜੂਨ ਵਿੱਚ ਬੀਜੀ ਜ਼ਿਆਦਾ ਕਾਮਯਾਬ ਨਹੀਂ ਹੁੰਦੀ ਹੈ। ਇਸ ਲਈ ਸਾਉਣੀ ਦੇ ਪਿਆਜ਼ ਦੀ ਵਧੀਆ ਫ਼ਸਲ ਲੈਣ ਲਈ ਸਾਉਣੀ ਰੁੱਤ ਦੀ ਫ਼ਸਲ ਗੰਢੀਆਂ ਲਾ ਕੇ ਲੈਣੀ ਲਾਹੇਵੰਦ ਹੈ। ਇਸ ਲਈ ਸਾਉਣੀ ਦੇ ਪਿਆਜ਼ ਦੀਆਂ ਗੰਢੀਆਂ ਪੈਦਾ ਕਰਨ ਲਈ ਬਿਜਾਈ ਮਾਰਚ ਅੱਧ ਵਿੱਚ ਕਰੋ।

ਬਿਜਾਈ ਵਾਲੀ ਥਾਂ : ਪਨੀਰੀ ਵਾਲੀ ਥਾਂ ਹਲਕੀ ਢਲਾਣ ਵਾਲੀ ਅਤੇ ਛਾਂ ਤੋਂ ਰਹਿਤ ਹੋਣੀ ਚਾਹੀਦੀ ਹੈ। ਬਿਜਾਈ ਮੈਰਾ ਜਾਂ ਰੇਤਲੀ ਮੈਰਾ ਜ਼ਮੀਨ ਵਿੱਚ ਜਿਸ ਵਿੱਚ ਕਾਫ਼ੀ ਮੱਲ੍ਹੜ ਦੀ ਮਾਤਰਾ ਹੋਵੇ, ਜ਼ਮੀਨ ਉਪਜਾਊ, ਚੰਗੇ ਨਿਕਾਸ ਵਾਲੀ ਅਤੇ ਭੁਰਭੁਰੀ ਵਧੀਆ ਹੁੰਦੀ ਹੈ। ਪਨੀਰੀ ਵਾਲੀ ਥਾਂ ਨਦੀਨਾਂ, ਪੱਥਰਾਂ ਅਤੇ ਡਲਿਆਂ ਤੋਂ ਰਹਿਤ ਹੋਣੀ ਚਾਹੀਦੀ ਹੈ। ਗੈਰ-ਖਾਰੀ/ਖਾਰੀਜ਼ ਜ਼ਮੀਨ ਅਤੇ ਇੱਕੋ ਥਾਂ ਤੇ ਵਾਰ-ਵਾਰ ਪਨੀਰੀ ਨਾ ਬੀਜੋ।

ਬਿਜਾਈ ਜ਼ਮੀਨ ਦੀ ਪੱਧਰ ਤੋਂ 20 ਸੈਂਟੀਮੀਟਰ ਉੱਚੀਆਂ ਅਤੇ 1 ਤੋਂ 1.5 ਮੀਟਰ ਚੌੜੀਆਂ ਕਿਆਰੀਆਂ ਬਣਾਉ। ਤਾਂ ਜੋ ਵਧੇਰੇ ਜਲ ਦੇ ਨਿਕਾਸ ਦਾ ਪ੍ਰਬੰਧਨ ਸਹੀ ਤਰੀਕੇ ਨਾਲ ਕੀਤਾ ਜਾ ਸਕੇ। ਕਿਆਰੀਆਂ ਬਣਾਉਣ ਤੋਂ ਪਹਿਲਾਂ, ਪਨੀਰੀ ਵਾਲੀ ਥਾਂ ਵਿੱਚ ਪ੍ਰਤੀ ਮਰਲਾ (25 ਵਰਗ ਮੀਟਰ) 125 ਕਿਲੋ ਗਲੀ ਸੜੀ ਰੂੜੀ ਪਾਉਣ ਉਪਰੰਤ, ਰੂੜੀ ਨੂੰ ਖੇਤ ਵਿੱਚ ਚਲਾਉਣ ਲਈ ਇੱਕ ਦੋ ਵਾਰ ਵਾਹ ਦਿਓ। ਬਿਜਾਈ ਹਮੇਸ਼ਾਂ ਚੰਗੀ ਵੱਤਰ ਵਿੱਚ ਹੀ ਕਰੋ। ਪਨੀਰੀ ਦੀ ਲੋੜ ਅਨੁਸਾਰ ਕਿਆਰੀਆਂ ਬਣਾਉ।

ਬੀਜ ਦੀ ਮਾਤਰਾ ਅਤੇ ਇਸ ਦੀ ਸੋਧ : ਗੰਢੀਆਂ ਤਿਆਰ ਕਰਨ ਲਈ 5 ਕਿਲੋ ਬੀਜ 8 ਮਰਲੇ (200 ਵਰਗ ਮੀਟਰ) ਕਿਆਰੀਆਂ ਵਿੱਚ ਮਾਰਚ ਦੇ ਅੱਧ ਵਿੱਚ ਬੀਜੋ। ਬਿਜਾਈ ਤੋਂ ਪਹਿਲਾਂ ਪ੍ਰਤੀ ਕਿਲੋ ਬੀਜ ਨੂੰ 3 ਗ੍ਰਾਮ ਉੱਲੀਨਾਸ਼ਕ (ਥੀਰਮ ਜਾਂ ਕੈਪਟਾਨ) ਨਾਲ ਸੋਧ ਲਵੋ। ਬੀਜ ਨੂੰ 1 ਤੋਂ 2 ਸੈਂਟੀਮੀਟਰ ਡੂੰਘਾ 5 ਸੈਂਟੀਮੀਟਰ ਦੀ ਵਿੱਥ ਤੇ ਕਤਾਰਾਂ ਵਿੱਚ ਬੀਜੋ। ਬੀਜ ਨੂੰ ਕਤਾਰਾਂ ਵਿੱਚ ਬੀਜ ਇੱਕਸਾਰ ਬੀਜੋ ਤਾਂ ਜੋ ਪਨੀਰੀ ਦਾ ਵਧੀਆ ਵਿਕਾਸ ਅਤੇ ਪੁਟਾਈ ਹੋ ਸਕੇ, ਨਦੀਨਨਾਸ਼ਕਾਂ ਅਤੇ ਕੀਟਨਾਸ਼ਕਾਂ ਦਾ ਛਿੜਕਾਅ ਸਹੀ ਤਰੀਕੇ ਨਾਲ ਕੀਤਾ ਜਾ ਸਕੇ। ਬੀਜ ਨੂੰ ਕਤਾਰਾਂ ਵਿੱਚ ਸਮਾਨਅੰਤਰ ਫ਼ਾਸਲੇ ਤੇ ਕੇਰ ਕੇ, ਇਸ ਨੂੰ ਗਲੀ-ਸੜੀ ਦੇਸੀ ਰੂੜੀ ਜਾਂ ਸੁਆਹ ਜਾਂ ਗਲੀ-ਸੜੀ ਦੇਸੀ ਰੂੜੀ ਅਤੇ ਰੇਤਲੀ ਮਿੱਟੀ ਦੇ ਮਿਸ਼ਰਣ ਦੀ ਹਲਕੀ ਜਿਹੀ ਤਹਿ ਨਾਲ ਢੱਕ ਦਿਉ ਅਤੇ ਹਲਕੀ ਸਿੰਚਾਈ ਕਰੋ ਤਾਂ ਜੋ ਇੱਕਸਾਰ ਸਾਰੇ ਬੀਜ ਉੱਗ ਪੈਣ।

ਗੰਢੀਆਂ ਦੀ ਮੁੱਢਲੀ ਦੇਖਭਾਲ : ਬਿਜਾਈ ਤੋਂ ਉਪਰੰਤ ਪਹਿਲੀ ਸਿੰਚਾਈ ਫੁਹਾਰਾ ਵਿਧੀ ਨਾਲ ਕਰੋ ਤਾਂ ਜੋ ਕਿ ਬੀਜ ਪਾਣੀ ਦੇ ਵਹਾਅ ਨਾਲ ਇੱਕ ਥਾਂ ਤੇ ਇਕੱਠੇ ਨਾ ਹੋਣ। ਬੀਜਾਂ ਦੇ ਪੁੰਗਰਨ ਤੱਕ ਹਲਕੀ ਸਿੰਚਾਈ ਕਰਨੀ ਚਾਹੀਦੀ ਹੈ ਅਤੇ ਸਿੰਚਾਈ ਤੋਂ ਬਾਅਦ ਪਨੀਰੀ ਵਾਲੀ ਥਾਂ ਤੇ ਵਾਧੂ ਪਾਣੀ ਦੇ ਨਿਕਾਸ ਦਾ ਸੁਚੱਜਾ ਪ੍ਰਬੰਧ ਹੋਣਾ ਚਾਹੀਦਾ ਹੈ। ਇਹ ਧਿਆਨ ਵਿੱਚ ਰੱਖੋ ਕਿ ਪਨੀਰੀ ਵਿੱਚ ਨਦੀਨਾਂ ਦੀ ਗੁਡਾਈ ਸਮੇਂ ਸਿਰ ਕਰ ਦੇਣੀ ਚਾਹੀਦੀ ਹੈ। ਪਨੀਰੀ ਦੀਆਂ ਕਿਆਰੀਆਂ ਨੂੰ ਦਿਨ ਵਿੱਚ ਸਵੇਰੇ ਅਤੇ ਸ਼ਾਮ ਦੋ ਵਾਰ ਪਾਣੀ ਦਿਉ। ਦੁਪਹਿਰ ਵੇਲੇ ਵਧਦੇ ਤਾਪਮਾਨ ਤੋਂ ਬਚਾਅ ਲਈ ਕਿਆਰੀਆਂ ਨੂੰ ਢੱਕ ਦਿਉ। ਡੇਢ ਮੀਟਰ ਚੌੜੀਆਂ ਕਿਆਰੀਆਂ ਨੂੰ ਢੱਕਣ ਲਈ ਘਾਹ-ਫੂਸ ਜਾਂ ਕਿਸੇ ਦੂਸਰੀ ਫ਼ਸਲ ਦੇ ਪੱਤਿਆਂ-ਤਣਿਆਂ ਆਦਿ ਤੋਂ ਪ੍ਰਾਪਤ ਕੀਤੀਆਂ ਛੱਪੜੀਆਂ 1.5 ਮੀਟਰ ਦੀ ਉੱਚਾਈ ਤੇ ਉੱਤਰ-ਦੱਖਣ ਦਿਸ਼ਾ ਵਿੱਚ ਵਰਤੋਂ। ਇਹ ਛੱਪਰੀਆਂ ਇੱਕ ਮਹੀਨੇ ਬਾਅਦ ਜਦੋਂ ਪੌਦੇ ਮਜ਼ਬੂਤ ਹੋ ਜਾਣ ਤਾਂ ਉਤਾਰ ਦਿਉ।

ਪਨੀਰੀ ਨੂੰ ਹਫ਼ਤੇ ਵਿੱਚ ਦੋ ਵਾਰ ਪਾਣੀ ਲਾਉ ਅਤੇ ਗੰਢੀਆਂ ਨੂੰ ਜੂਨ ਦੇ ਅਖੀਰ ਵਿੱਚ ਪੁੱਟ ਕੇ ਟੋਕਰੀਆਂ ਵਿੱਚ ਆਮ ਕਮਰੇ ਦੇ ਤਾਪਮਾਨ ਤੇ ਰੱਖੋ।

ਗੰਢੀਆਂ ਨੂੰ ਖੇਤ ਵਿੱਚ ਲਗਾਉਣਾ : ਵਿਕਰੀਯੋਗ ਜ਼ਿਆਦਾ ਝਾੜ ਲੈਣ ਲਈ 1.5-2.5 ਸੈ.ਮੀ. ਘੇਰੇ ਵਾਲੀਆਂ ਗੰਢੀਆਂ ਢੁਕਵੀਆਂ ਹਨ। ਸਾਉਣੀ ਦੇ ਪਿਆਜ਼ ਨੂੰ ਬੈੱਡ ਉੱਪਰ ਲਾਉਣ ਨਾਲ ਆਕਾਰ ਵਿੱਚ ਸੁਧਾਰ ਹੁੰਦਾ ਹੈ। ਬੈੱਡ ਦਾ ਆਧਾਰ 60 ਸੈ.ਮੀ. ਅਤੇ ਉੱਚਾਈ 10 ਸੈ.ਮੀ. ਹੋਣੀ ਚਾਹੀਦੀ ਹੈ। ਇਹ ਸਿਫ਼ਾਰਸ਼ ਪਾਣੀ ਦੇ ਘੱਟ ਨਿਕਾਸ ਵਾਲੀਆਂ ਭਾਰੀਆਂ ਜ਼ਮੀਨਾਂ ਲਈ ਬਹੁਤ ਢੁਕਵੀਂ ਹੈ। ਇਨ੍ਹਾਂ ਗੰਢੀਆਂ ਨੂੰ ਅਗਸਤ ਦੇ ਅੱਧ ਵਿੱਚ ਖੇਤ ਵਿੱਚ ਲਾ ਦਿਉ।



ਖਾਦ ਪ੍ਰਬੰਧਨ : ਵਧੀਆ ਪੈਦਾਵਾਰ ਅਤੇ ਵੱਧ ਝਾੜ ਲੈਣ ਲਈ ਸਹੀ ਮਾਤਰਾ ਵਿੱਚ ਖਾਦਾਂ ਦਾ ਪਾਇਆ ਜਾਣਾ ਬਹੁਤ ਜ਼ਰੂਰੀ ਹੈ। ਇਸ ਲਈ ਬੁਆਈ ਤੋਂ ਪਹਿਲਾਂ ਖੇਤ ਤਿਆਰ ਕਰਨ ਵੇਲੇ 20 ਟਨ ਗਲੀ ਸੜੀ ਰੂੜੀ ਖਾਦ, 45 ਕਿਲੋ ਯੂਰੀਆ, 125 ਕਿਲੋ ਸੁਪਰਫ਼ਾਸਫ਼ੇਟ ਅਤੇ 35 ਕਿਲੋ ਮਿਊਰੇਟ ਆਫ਼ ਪੋਟਾਸ਼ ਪ੍ਰਤੀ ਏਕੜ ਦੇ ਹਿਸਾਬ ਨਾਲ ਜ਼ਮੀਨ ਵਿੱਚ ਪਾਉ। ਬਾਕੀ ਦੀ ਅੱਧੀ ਬਚਦੀ 45 ਕਿਲੋ ਯੂਰੀਆ ਚਾਰ ਹਫ਼ਤਿਆਂ ਬਾਅਦ ਛੱਟਾ ਦੇ ਕੇ ਪਾ ਦਿਉ।

ਪਨੀਰੀ ਪੁੱਟ ਕੇ ਖੇਤ ਵਿੱਚ ਲਾਉਣਾ : ਲਗਭਗ 6 ਤੋਂ 8 ਹਫ਼ਤਿਆਂ ਪਿੱਛੋਂ ਪਨੀਰੀ ਤਿਆਰ ਹੋ ਜਾਂਦੀ ਹੈ ਜੋ ਕਿ ਅਗਸਤ ਦੇ ਪਹਿਲੇ ਹਫ਼ਤੇ ਵਿੱਚ ਪੁੱਟ ਕੇ ਖੇਤ ਵਿੱਚ ਲਾ ਦੇਣੀ ਚਾਹੀਦੀ ਹੈ। ਚੰਗਾ ਝਾੜ ਲੈਣ ਲਈ ਕਤਾਰ ਤੋਂ ਕਤਾਰ ਦਾ ਫਾਸਲਾ 15 ਸੈਂਟੀਮੀਟਰ ਅਤੇ ਪੌਦਿਆਂ ਵਿੱਚਕਾਰ 7.5 ਸੈਂਟੀਮੀਟਰ ਦਾ ਫ਼ਾਸਲਾ ਰੱਖੋ। ਪਨੀਰੀ ਸ਼ਾਮ ਵੇਲੇ ਖੇਤ ਵਿੱਚ ਲਾਉ ਅਤੇ ਤੁਰੰਤ ਪਿੱਛੋਂ ਪਾਣੀ ਦਿਉ। ਬਾਅਦ ਵਿੱਚ ਪਾਣੀ ਲੋੜ ਅਨੁਸਾਰ ਲਾਉਂਦੇ ਰਹੋ।

ਨਦੀਨ ਪ੍ਰਬੰਧਨ : ਨਦੀਨਾਂ ਦੀ ਰੋਕਥਾਮ ਲਈ 3-4 ਵਾਰ ਹੱਥੀ ਗੋਡੀ ਕਰਨੀ ਜ਼ਰੂਰੀ ਹੈ। ਪਹਿਲੀ ਗੋਡੀ ਲੁਆਈ ਤੋਂ ਤਿੰਨ ਹਫ਼ਤੇ ਪਿੱਛੋਂ ਕਰੋ ਅਤੇ ਬਾਕੀ ਦੀਆਂ ਗੋਡੀਆਂ 15 ਦਿਨਾਂ ਦੇ ਵਕਫ਼ੇ ਤੇ ਕਰਦੇ ਰਹੋ। ਇਸ ਤੋਂ ਇਲਾਵਾ ਨਦੀਨਨਾਸ਼ਕ ਗੋਲ 23.5 ਈ ਸੀ (ਆਕਸੀਫਲੋਰਫਿਨ) 380 ਮਿਲੀਲਿਟਰ ਪ੍ਰਤੀ ਏਕੜ ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਗੰਢਿਆਂ ਦੀ ਪਨੀਰੀ ਲਾਉਣ ਤੋਂ ਇਕ ਹਫ਼ਤੇ ਦੇ ਅੰਦਰ-ਅੰਦਰ ਛਿੜਕਾਅ ਕਰਨ ਅਤੇ 90-100 ਦਿਨਾਂ ਬਾਅਦ ਇੱਕ ਹੱਥੀਂ ਗੋਡੀ ਕਰਨ ਨਾਲ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ।

ਪੌਦ-ਸੁਰੱਖਿਆ : ਕੀੜਿਆਂ ਵਿੱਚ ਥਰਿੱਪ (ਜੂੰ) ਪੀਲੇ ਰੰਗ ਦਾ ਛੋਟਾ ਜਿਹਾ ਕੀੜਾ ਹੈ ਜੋ ਫ਼ਰਵਰੀ ਤੋਂ ਮਈ ਦੇ ਦੌਰਾਨ ਭੁਕਾਂ ਦਾ ਰਸ ਚੂਸਦਾ ਹੈ, ਨਤੀਜੇ ਵਜੋਂ ਉਨ੍ਹਾਂ ਤੇ ਚਿੱਟੇ ਧੱਬੇ ਪੈਦਾ ਕਰਦਾ ਹੈ ਅਤੇ ਫੁੱਲ ਪੈਣ ਸਮੇਂ ਭਾਰੀ ਨੁਕਸਾਨ ਕਰਦਾ ਹੈ। ਰੋਕਥਾਮ ਲਈ 30 ਗ੍ਰਾਮ ਜੰਪ 80 ਡਬਲਯੂ ਜੀ (ਫ਼ਿਪਰੋਨਿਲ) ਜਾਂ 250 ਮਿਲੀਲਿਟਰ ਰੋਗਰ 30 ਈ ਸੀ (ਡਾਈਮੈਥੋਏਟ) ਨੂੰ 100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ।

ਪਲਾਸਟਿਕ ਪ੍ਰਦੂਸ਼ਣ ਦੀ ਭਿਆਨਕਤਾ ਨੂੰ ਦੇਖਦੇ ਹੋਏ ਸਿਰਫ਼ ਸਰਕਾਰਾਂ ਨੂੰ ਕੋਸਣ ਨਾਲ ਸੁਧਾਰ ਨਹੀਂ ਹੋਵੇਗਾ, ਸਾਨੂੰ ਖ਼ੁਦ ਨੂੰ ਬਦਲਾਅ ਦਾ ਹਿੱਸਾ ਬਣਾਉਣਾ ਪਵੇਗਾ । ਅੱਜ ਸਮਾਂ ਹੈ ਕਿ ਅਸੀਂ ਰਵਾਇਤੀ ਪਲਾਸਟਿਕ ਦੀ ਥਾਂ ਮੱਕੀ ਦੇ ਸਟਾਰਚ ਜਾਂ ਗੰਨੇ ਦੀ ਰਹਿੰਦ-ਖੂੰਹਦ ਤੋਂ ਬਣੇ ਬਾਇਓਡੀਗ੍ਰੇਡੇਬਲ (ਕੁਦਰਤੀ ਤੌਰ 'ਤੇ ਗਲਣਯੋਗ) ਪਲਾਸਟਿਕ ਦੀ ਵਰਤੋਂ ਨੂੰ ਉਤਸ਼ਾਹਿਤ ਕਰੀਏ ।



ਮਨੁੱਖੀ ਹੋਂਦ ਲਈ ਬੇਹੱਦ ਖ਼ਤਰਨਾਕ ਹੈ ਪਲਾਸਟਿਕ ਪ੍ਰਦੂਸ਼ਣ

ਡਾ. ਕ੍ਰਿਸ਼ਨ ਲਾਲ, ਸੇਵਾਮੁਕਤ ਲੈਕਚਰਾਰ (ਰਾਜਨੀਤੀ ਸ਼ਾਸ਼ਤਰ), ਨੇੜੇ ਹਿਮਾਂਸ਼ੂ ਐਜੂਕੇਸ਼ਨਲ ਹੱਬ, ਵਾਰਡ-9, ਚੌੜੀ ਗਲੀ, ਬੁਢਲਾਡਾ (ਮਾਨਸਾ) ਮੋਬਾਇਲ : 62831-16797

ਪਲਾਸਟਿਕ ਦੀ ਖੋਜ ਦਾ ਇਤਿਹਾਸ 1862 ਤੋਂ ਸ਼ੁਰੂ ਹੋਇਆ ਪਰ 1907 ਵਿੱਚ ਲਿਓ ਬੈਕਲੈਂਡ ਦੁਆਰਾ ਤਿਆਰ ਕੀਤੇ ਪਹਿਲੇ ਸਿੰਥੈਟਿਕ ਪਲਾਸਟਿਕ 'ਬੈਕਲਾਈਟ' ਨੇ ਵਿਗਿਆਨ ਦੀ ਦੁਨੀਆਂ ਵਿੱਚ ਹਲਚਲ ਮਚਾ ਦਿੱਤੀ । ਆਪਣੀ ਮਜ਼ਬੂਤੀ, ਸਸਤੇ ਮੁੱਲ ਤੇ ਬਿਜਲੀ ਦੇ ਕੁਚਾਲਕ ਹੋਣ ਕਾਰਨ ਇਸ ਨੂੰ ਉਸ ਸਮੇਂ ਦੀ ਕਰਾਮਾਤੀ ਕਾਢ ਮੰਨਿਆ ਗਿਆ ਪਰ ਇਹ ਕਰਾਮਾਤ 1950 ਦੇ ਦਹਾਕੇ ਤੋਂ ਬਅਦ ਇਕ ਸਰਾਪ ਬਣਨੀ ਸ਼ੁਰੂ ਹੋ ਗਈ, ਜਦੋਂ 'ਵਰਤੋਂ ਤੇ ਸੁੱਟੋ' ਦੇ ਸੱਭਿਆਚਾਰ ਨੇ ਜਨਮ ਲੈ ਲਿਆ । ਅੱਜ ਸਥਿਤੀ ਇਹ ਹੈ ਕਿ ਦੁਨੀਆ ਭਰ ਵਿੱਚ ਹਰ ਮਿੰਟ ਵਿੱਚ 10 ਲੱਖ ਪਲਾਸਟਿਕ ਦੀਆਂ ਬੋਤਲਾਂ ਖਰੀਦੀਆਂ ਜਾਂਦੀਆਂ ਹਨ । ਪੰਜਾਬ ਦੇ ਦਰਿਆ ਸਤਲੁਜ ਤੇ ਬਿਆਸ ਅੱਜ ਪਲਾਸਟਿਕ ਪ੍ਰਦੂਸ਼ਣ ਨਾਲ ਕਰਾਹ ਰਹੇ ਹਨ । ਲੁਧਿਆਣਾ ਤੇ ਅੰਮ੍ਰਿਤਸਰ ਵਰਗੇ ਮਹਾਨਗਰਾਂ ਵਿੱਚ ਕੂੜੇ ਦੇ ਜੋ ਵਿਸ਼ਾਲ ਪਹਾੜ ਬਣੇ ਹੋਏ ਹਨ, ਉਨ੍ਹਾਂ ਵਿੱਚ 30 ਫ਼ੀਸਦੀ ਤੋਂ ਵੱਧ ਇਕੱਲਾ ਪਲਾਸਟਿਕ ਹੈ । ਇਹ ਪਲਾਸਟਿਕ ਨਾ ਸਿਰਫ਼ ਵਾਤਾਵਰਨ ਲਈ, ਸਗੋਂ ਜੀਵ-ਜੰਤੂਆਂ ਲਈ ਵੀ ਬੇਹੱਦ ਘਾਤਕ ਹੈ । ਅਕਸਰ ਬੇਜ਼ੁਬਾਨ ਪਸ਼ੂ ਕੂੜੇ ਵਿੱਚੋਂ ਖਾਣਾ ਲੱਭਦੇ ਹੋਏ ਪਲਾਸਟਿਕ ਦੇ ਲਿਫ਼ਾਫ਼ੇ ਨਿਗਲ ਲੈਂਦੇ ਹਨ, ਜੋ ਉਨ੍ਹਾਂ ਦੀ ਸਾਹ ਨਲੀ ਵਿੱਚ ਫਸ ਕੇ ਜਾਂ ਮਿਹਦੇ ਵਿੱਚ ਜ਼ਹਿਰੀਲੀ ਪਰਤ ਬਣਾ ਕੇ ਮੌਤ ਦਾ ਕਾਰਨ ਬਣਦੇ ਹਨ । ਪਲਾਸਟਿਕ ਦੀ ਸਭ ਤੋਂ ਭਿਆਨਕ ਗੱਲ ਇਸ ਦਾ 'ਅਮਰ' ਰਹਿਣਾ ਹੈ ਕਿਉਂਕਿ ਇਸ ਨੂੰ ਕਦੇ ਵੀ ਨਸ਼ਟ ਨਹੀਂ ਕੀਤਾ ਜਾ ਸਕਦਾ, ਸਗੋਂ ਇਹ ਧਰਤੀ ਦੀ ਉਪਜਾਊ ਸ਼ਕਤੀ ਨੂੰ ਨਸ਼ਟ ਕਰਕੇ ਉਸ ਨੂੰ ਵੀ ਬੰਜਰ ਬਣਾ ਦਿੰਦਾ ਹੈ ।

ਇੱਕ ਹੈਰਾਨੀਜਨਕ ਸਚਾਈ ਇਹ ਹੈ ਕਿ ਸਾਡੇ ਰੋਜ਼ਾਨਾ ਦੇ ਕੂੜੇ ਵਿੱਚ 50 ਫ਼ੀਸਦੀ ਹਿੱਸਾ ਉਨ੍ਹਾਂ ਵਸਤੂਆਂ ਦਾ ਹੁੰਦਾ ਹੈ, ਜਿਨ੍ਹਾਂ ਦੀ ਵਰਤੋਂ ਅਸੀਂ ਸਿਰਫ਼ 10-15 ਮਿੰਟਾਂ ਲਈ ਕਰਦੇ ਹਾਂ, ਜਿਵੇਂ ਕਿ ਪਲਾਸਟਿਕ ਦੇ ਸਟ੍ਰਾਅ, ਪੈਕਿੰਗ ਸਮੱਗਰੀ ਤੇ ਚਾਹ ਦੇ ਕੱਪ ਆਦਿ । ਪਲਾਸਟਿਕ ਦੇ ਬੈਗ, ਪਲੇਟਾਂ, ਗਲਾਸ, ਚਮਚੇ, ਖਿਡੌਣੇ ਤੇ ਫਰਨੀਚਰ ਦੇ ਰੂਪ ਵਿੱਚ ਇਹ ਸਾਡੇ ਘਰਾਂ ਅਤੇ ਬਜ਼ਾਰਾਂ ਵਿੱਚ ਵੱਡੀ ਮਾਤਰਾ ਵਿੱਚ ਹਨ । ਦੁਖਾਂਤ ਇਹ ਹੈ ਕਿ ਚੰਦ ਮਿੰਟਾਂ ਦੀ ਸਹੂਲਤ ਲਈ ਵਰਤੀਆਂ ਇਹ ਚੀਜ਼ਾਂ ਵਰਤੋਂ ਤੋਂ ਬਅਦ ਹਜ਼ਾਰਾਂ ਸਾਲਾਂ ਲਈ ਧਰਤੀ 'ਤੇ ਗੰਦਗੀ ਦਾ ਅੰਬਾਰ ਲਾ ਦਿੰਦੀਆਂ ਹਨ । ਸ਼ਹਿਰਾਂ ਵਿੱਚ ਪੌਲੀਥੀਨ ਬੈਗਾਂ ਕਾਰਨ ਸੀਵਰੇਜ ਜਾਮ ਹੋਣ ਦੀ ਸਮੱਸਿਆ ਅੱਜ ਗੰਭੀਰ ਸੰਕਟ ਬਣ ਗਈ ਹੈ । ਆਮ ਤੌਰ 'ਤੇ ਇਹ ਮੰਨਿਆ ਜਾਂਦਾ ਹੈ ਕਿ ਪਲਾਸਟਿਕ ਰੀਸਾਈਕਲ (ਮੁੜ ਵਰਤੋਂ ਯੋਗ) ਹੋ ਜਾਵੇਗਾ ਪਰ ਅਸਲੀਅਤ ਇਹ ਹੈ ਕਿ ਦੁਨੀਆ ਦਾ ਲਗਭਗ 90 ਫ਼ੀਸਦੀ ਪਲਾਸਟਿਕ ਕਦੇ ਵੀ ਰੀਸਾਈਕਲ ਨਹੀਂ ਹੁੰਦਾ ।



ਪਲਾਸਟਿਕ ਪ੍ਰਦੂਸ਼ਣ ਅੱਜ ਦੁਨੀਆ ਦੇ ਹਰ ਕੋਨੇ ਨੂੰ ਆਪਣੀ ਲਪੇਟ ਵਿੱਚ ਲੈ ਚੁੱਕਾ ਹੈ । ਸਮੁੰਦਰਾਂ ਵਿੱਚ ਪਲਾਸਟਿਕ ਦੇ ਵਿਸ਼ਾਲ 'ਗਾਰਬੇਜ ਪੈਚ' (ਕੂੜੇ ਦੇ ਟਾਪੂ) ਬਣ ਚੁੱਕੇ ਹਨ ਤੇ ਅੰਦਾਜ਼ਾ ਹੈ ਕਿ 2040 ਤੱਕ ਇਹ ਪ੍ਰਦੂਸ਼ਣ ਮੌਜੂਦਾ ਪੱਧਰ ਤੋਂ ਦੁੱਗਣਾ ਹੋ ਜਾਵੇਗਾ । ਹਰ ਸਾਲ ਲਗਭਗ 23 ਤੋਂ 37 ਮਿਲੀਅਨ ਟਨ ਪਲਾਸਟਿਕ ਸਮੁੰਦਰਾਂ ਦੇ ਭੇਟ ਚੜ੍ਹੇਗਾ ਤੇ ਸਮੁੰਦਰੀ ਜੀਵ ਇਸ ਨੂੰ ਭੋਜਨ ਸਮਝ ਕੇ ਨਿਗਲ ਲੈਂਦੇ ਹਨ । ਪਲਾਸਟਿਕ ਨਾਲ ਢਿੱਡ ਭਰਨ ਨਾਲ ਉਨ੍ਹਾਂ ਨੂੰ ਭੁੱਖ ਦਾ ਅਹਿਸਾਸ ਨਹੀਂ ਹੁੰਦਾ ਤੇ ਅੰਤ ਉਹ ਤੜਫ-ਤੜਫ ਕੇ ਮਰ ਜਾਂਦੇ ਹਨ । ਇਹ ਸੰਕਟ ਸਿਰਫ਼ ਪਾਣੀ ਤੱਕ ਸੀਮਤ ਨਹੀਂ, ਖੇਤਾਂ ਦੀ ਮਿੱਟੀ ਵਿੱਚ ਮਿਲੇ ਪਲਾਸਟਿਕ ਦੇ ਕਣ ਜ਼ਮੀਨ ਦੇ ਰੋਮਾਂ ਨੂੰ ਬੰਦ ਕਰਦੇ ਹਨ, ਜਿਸ ਨਾਲ ਹਵਾ ਦਾ ਸੰਚਾਰ ਰੁੱਕ ਜਾਂਦਾ ਹੈ ਤੇ ਧਰਤੀ ਹੇਠ ਪਾਣੀ ਦਾ ਰੀਚਾਰਜ ਹੋਣਾ ਅਸੰਭਵ ਹੋ ਜਾਂਦਾ ਹੈ । ਇਸ ਤੋਂ ਵੀ ਖ਼ਤਰਨਾਕ ਪਲਾਸਟਿਕ ਦਾ ਸਾਡੀ ਸਿਹਤ 'ਤੇ ਪੈ ਸਿੱਧਾ ਪ੍ਰਭਾਵ ਪੈਂਦਾ ਹੈ । ਜਦੋਂ ਪਲਾਸਟਿਕ ਨੂੰ ਸਾੜਿਆ ਜਾਂਦਾ ਹੈ ਤਾਂ ਇਸ ਵਿੱਚੋਂ ਡਾਈਆਕਸਿਨ ਤੇ ਫਿਊਰਾਨ ਵਰਗੀਆਂ ਅਤਿ-ਜ਼ਹਿਰੀਲੀਆਂ ਗੈਸਾਂ ਨਿਕਲਦੀਆਂ ਹਨ, ਜੋ ਦਮਾ, ਚਮੜੀ ਰੋਗ ਤੇ ਫੇਫੜਿਆਂ ਦੇ ਕੈਂਸਰ ਦਾ ਮੁੱਖ ਕਾਰਨ ਬਣਦੀਆਂ ਹਨ । ਪਲਾਸਟਿਕ ਦੇ ਬਰਤਨਾਂ ਵਿੱਚ ਗਰਮ ਖਾਣਾ ਖਾਣ ਨਾਲ ਇਸ ਵਿੱਚ ਮੌਜੂਦਾ ਬੀ. ਪੀ. ਏ. ਤੇ ਫੈਥਲੇਟ ਵਰਗੇ ਕੈਮੀਕਲ ਸਾਡੇ ਭੋਜਨ ਵਿੱਚ ਘੁਲ ਜਾਂਦੇ ਹਨ । ਇਹ ਕੈਮੀਕਲ ਸਾਡੇ ਸਰੀਰ ਵਿੱਚ ਐਂਡੋਕਰੀਨ ਵਿਘਨ ਪੈਦਾ ਕਰਦੇ ਹਨ, ਜੋ ਕੁਦਰਤੀ ਹਾਰਮੋਨਸ ਦੇ ਸੰਤੁਲਨ ਨੂੰ ਵਿਗਾੜ ਕੇ ਛਾਤੀ, ਪ੍ਰੋਸਟੈਟ ਤੇ ਜਿਗਰ ਦੇ ਕੈਂਸਰ ਵਰਗੀਆਂ ਨਾ ਮੁਰਾਦ ਬਿਮਾਰੀਆਂ ਨੂੰ ਸੱਦਾ ਦਿੰਦੇ ਹਨ ।



ਪਲਾਸਟਿਕ ਨੂੰ ਅਕਸਰ ਸਿਰਫ਼ ਜ਼ਮੀਨੀ ਜਾਂ ਸਮੁੰਦਰੀ ਕੂੜੇ ਵਜੋਂ ਦੇਖਿਆ ਜਾਂਦਾ ਹੈ ਪਰ ਅਸਲ ਵਿੱਚ ਇਹ ਗਲੋਬਲ ਵਾਰਮਿੰਗ (ਵਿਸ਼ਵਵਿਆਪੀ ਗਰਮਾਹਟ) ਦਾ ਵੀ ਇੱਕ ਵੱਡਾ ਕਾਰਨ ਹੈ । ਇਸ ਦਾ ਸਫ਼ਰ ਕੱਚੇ ਤੇਲ ਤੇ ਕੋਲੇ ਦੀ ਵਰਤੋਂ ਨਾਲ ਸ਼ੁਰੂ ਹੁੰਦਾ ਹੈ, ਜਿਸ ਦੀ ਨਿਰਮਾਣ ਪ੍ਰਕਿਰਿਆ ਦੌਰਾਨ ਭਾਰੀ ਮਾਤਰਾ ਵਿੱਚ ਕਾਰਬਨ ਡਾਈਆਕਸਾਈਡ ਵਰਗੀਆਂ ਗ੍ਰੀਨਹਾਊਸ ਗੈਸਾਂ ਪੈਦਾ ਹੁੰਦੀਆਂ ਹਨ । ਜਦੋਂ ਇਹ ਪਲਾਸਟਿਕ ਵਾਤਾਵਰਨ ਵਿੱਚ ਸੁੱਟ ਦਿੱਤਾ ਜਾਂਦਾ ਹੈ ਤਾਂ ਸੂਰਜ ਦੀ ਤੇਜ਼ ਗਰਮੀ ਨਾਲ ਇਸ ਦੇ ਟੁੱਟਣ ਦੀ ਪ੍ਰਕਿਰਿਆ ਦੌਰਾਨ ਮੀਥੇਨ ਤੇ ਈਥੀਲੀਨ ਵਰਗੀਆਂ ਘਾਤਕ ਗੈਸਾਂ ਨਿਕਲਦੀਆਂ ਹਨ, ਜੋ ਧਰਤੀ ਦੇ ਤਾਪਮਾਨ ਨੂੰ ਤੇਜ਼ੀ ਨਾਲ ਵਧਾ ਰਹੀਆਂ ਹਨ । ਸਭ ਤੋਂ ਚਿੰਤਾਜਨਕ ਪਹਿਲੂ ਇਹ ਹੈ ਕਿ ਸਮੁੰਦਰਾਂ ਵਿੱਚ ਮੌਜੂਦ ਪਲੈਂਕਟਨ ਵਰਗੇ ਸੂਖਮ ਜੀਵ, ਜੋ ਵਾਤਾਵਰਨ ਵਿੱਚੋਂ ਕਾਰਬਨ ਨੂੰ ਸੋਖ ਕੇ ਧਰਤੀ ਦਾ ਸੰਤੁਲਨ ਬਣਾਈ ਰੱਖਦੇ ਹਨ, ਅੱਜ ਮਾਈਕ੍ਰੋਪਲਾਸਟਿਕ ਕਾਰਨ ਖ਼ਤਮ ਹੋ ਰਹੇ ਹਨ । ਇਨ੍ਹਾਂ ਜੀਵਾਂ ਦੇ ਨਸ਼ਟ ਹੋਣ ਨਾਲ ਧਰਤੀ ਦੀ ਕੁਦਰਤੀ ਕਾਰਬਨ ਸੋਖਣ ਪ੍ਰਣਾਲੀ ਬੁਰੀ ਤਰ੍ਹਾਂ ਵਿਗੜ ਰਹੀ ਹੈ । ਇਸ ਤਰ੍ਹਾਂ ਪਲਾਸਟਿਕ ਨਾ ਸਿਰਫ਼ ਧਰਤੀ ਨੂੰ ਗੰਦਾ ਕਰ ਰਿਹਾ ਹੈ, ਸਗੋਂ ਵਾਤਾਵਰਨ ਨੂੰ ਗਰਮ ਕਰਕੇ ਸਾਡੇ ਭਵਿੱਖ ਨੂੰ ਵੀ ਸੁਆਹ ਕਰ ਰਿਹਾ ਹੈ । ਸਭ ਤੋਂ ਭਿਆਨਕ ਸੱਚਾਈ ਇਹ ਹੈ ਕਿ ਪਲਾਸਟਿਕ ਹੁਣ ਸਾਡੇ ਖ਼ੂਨ ਦੇ ਦੌਰੇ ਵਿੱਚ ਵੀ ਸ਼ਾਮਿਲ ਹੋ ਚੁੱਕਾ ਹੈ । ਇਹ 5 ਮਿਲੀਮੀਟਰ ਤੋਂ ਵੀ ਛੋਟੇ ਮਾਈਕ੍ਰੋਪਲਾਸਟਿਕ ਕਣ ਪੀਣ ਵਾਲੇ ਪਾਣੀ, ਸਮੁੰਦਰੀ ਨਮਕ, ਹਵਾ ਤੇ ਇੱਥੋਂ ਤੱਕ ਕਿ ਸਾਡੇ ਰੋਜ਼ਾਨਾ ਵਰਤੋਂ ਦੇ ਸ਼ਿੰਗਾਰ ਸਾਮਾਨ (ਲਿਪਸਟਿਕ, ਫੇਸ ਵਾਸ਼ ਆਦਿ) ਰਾਹੀਂ ਸਾਡੇ ਸਰੀਰ ਵਿੱਚ ਦਾਖ਼ਲ ਹੋ ਰਹੇ ਹਨ । ਇਹ ਕਣ ਸਾਡੀਆਂ ਅੰਤੜੀਆਂ ਵਿੱਚ ਜਮ੍ਹਾਂ ਹੋ ਕੇ ਨਾ ਸਿਰਫ਼ ਪਾਚਣ ਸ਼ਕਤੀ ਨੂੰ ਕਮਜ਼ੋਰ ਕਰਦੇ ਹਨ, ਸਗੋਂ ਗੰਭੀਰ ਇਨਫੈਕਸ਼ਨ ਦਾ ਕਾਰਨ ਵੀ ਬਣਦੇ ਹਨ । ਇਸ ਤੋਂ ਵੀ ਵੱਧ ਖ਼ਤਰਨਾਕ ਪਲਾਸਟਿਕ ਵਿੱਚ ਮੌਜੂਦ ਬਿਸਫੈਨੋਲ-ਏ ਤੇ ਥੈਲੇਟਸ ਵਰਗੇ ਜ਼ਹਿਰੀਲੇ ਕੈਮੀਕਲ ਹਨ, ਜੋ ਸਾਡੇ ਹਾਰਮੋਨਲ ਸੰਤੁਲਨ ਨੂੰ ਬੁਰੀ ਤਰ੍ਹਾਂ ਵਿਗਾੜਦੇ ਹਨ । ਇਹ ਪੁਰਸ਼ਾਂ ਵਿੱਚ ਸ਼ੁਕਰਾਣੂਆਂ ਦੀ ਕਮੀ ਤੇ ਔਰਤਾਂ ਵਿੱਚ ਮਾਹਵਾਰੀ ਦੀ ਗੜਬੜੀ ਜਾਂ ਗਰਭ ਧਾਰਨ ਕਰਨ ਵਿੱਚ ਵੱਡੀ ਰੁਕਾਵਟ ਪੈਦਾ ਕਰ ਰਹੇ ਹਨ । ਸਭ ਤੋਂ ਦੁਖਦਾਈ ਪਹਿਲੂ ਇਹ ਹੈ ਕਿ ਗਰਭਵਤੀ ਔਰਤਾਂ ਰਾਹੀਂ ਇਹ ਮਾਈਕ੍ਰੋਪਲਾਸਟਿਕ ਪਲੈਸੰਟਾ ਨੂੰ ਪਾਰ ਕਰਕੇ ਅਣਜੰਮੇ ਬੱਚੇ ਤੱਕ ਪਹੁੰਚ ਰਿਹਾ ਹੈ, ਜੋ ਆਉਣ ਵਾਲੀਆਂ ਨਸਲਾਂ ਦੀ ਸਿਹਤ 'ਤੇ ਸਵਾਲੀਆ ਚਿੰਨ੍ਹ ਲਗਾ ਰਿਹਾ ਹੈ । ਇਹ ਮਨੁੱਖੀ ਸਿਹਤ ਲਈ ਬਹੁਤ ਵੱਡਾ ਮੈਡੀਕਲ ਐਮਰਜੈਂਸੀ ਵਰਗਾ ਸੰਕਟ ਹੈ ।

ਪਲਾਸਟਿਕ ਪ੍ਰਦੂਸ਼ਣ ਦੀ ਭਿਆਨਕਤਾ ਨੂੰ ਦੇਖਦੇ ਹੋਏ ਸਿਰਫ਼ ਸਰਕਾਰਾਂ ਨੂੰ ਕੋਸਣ ਨਾਲ ਸੁਧਾਰ ਨਹੀਂ ਹੋਵੇਗਾ, ਸਾਨੂੰ ਖ਼ੁਦ ਨੂੰ ਬਦਲਾਅ ਦਾ ਹਿੱਸਾ ਬਣਾਉਣਾ ਪਵੇਗਾ । ਅੱਜ ਸਮਾਂ ਹੈ ਕਿ ਅਸੀਂ ਰਵਾਇਤੀ ਪਲਾਸਟਿਕ ਦੀ ਥਾਂ ਮੱਕੀ ਦੇ ਸਟਾਰਚ ਜਾਂ ਗੰਨੇ ਦੀ ਰਹਿੰਦ-ਖੂੰਹਦ ਤੋਂ ਬਣੇ ਬਾਇਓਡੀਗ੍ਰੇਡੇਬਲ (ਕੁਦਰਤੀ ਤੌਰ 'ਤੇ ਗਲਣਯੋਗ) ਪਲਾਸਟਿਕ ਦੀ ਵਰਤੋਂ ਨੂੰ ਉਤਸ਼ਾਹਿਤ ਕਰੀਏ । ਨਵੀਨਤਮ ਤਕਨੀਕਾਂ ਰਾਹੀਂ ਰੀਸਾਈਕਲ ਕੀਤੇ ਪਲਾਸਟਿਕ ਲੁੱਕ ਵਿੱਚ ਮਿਲਾ ਕੇ ਬਣਾਈਆਂ ਜਾ ਰਹੀਆਂ ਸੜਕਾਂ ਸ਼ਾਨਦਾਰ ਮਿਸਾਲ ਹਨ, ਜੋ ਨਾ ਸਿਰਫ਼ ਜ਼ਿਆਦਾ ਟਿਕਾਊ ਹਨ, ਸਗੋਂ ਕੂੜੇ ਦੇ ਨਿਪਟਾਰੇ ਦਾ ਵਧੀਆ ਹੱਲ ਵੀ ਹਨ । ਜਦੋਂ ਵੀ ਘਰੋਂ ਬਾਹਰ ਨਿਕਲੋ ਤਾਂ ਆਪਣਾ ਕੱਪੜੇ ਦਾ ਥੈਲਾ ਅਤੇ ਸਟੀਲ ਦੀ ਬੋਤਲ ਨਾਲ ਰੱਖਣ ਦੀ ਆਦਤ ਪਾਓ । ਵਿਆਹ-ਸ਼ਾਦੀਆਂ ਜਾਂ ਹੋਰ ਸਮਾਜਿਕ ਸਮਾਗਮਾਂ ਵਿੱਚ ਪਲਾਸਟਿਕ ਦੇ ਡਿਸਪੋਜ਼ੇਬਲ ਬਰਤਨਾਂ ਦੀ ਥਾਂ ਰਵਾਇਤੀ ਪੱਤਲਾਂ ਜਾਂ ਸਟੀਲ ਦੇ ਬਰਤਨਾਂ ਨੂੰ ਤਰਜੀਹ ਦੇਣੀ ਚਾਹੀਦੀ ਹੈ ।

ਵਿਗਿਆਨਕ ਜਗਤ ਵਿੱਚ ਹਾਲ ਹੀ ਵਿੱਚ ਹੋਈ ਇੱਕ ਖੋਜ ਨੇ ਦੁਨੀਆ ਨੂੰ ਹਿਲਾ ਕੇ ਰੱਖ ਦਿੱਤਾ ਹੈ । ਯੂਨੀਵਰਸਿਟੀ ਆਫ ਨਿਊ ਮੈਕਸੀਕੋ ਦੇ ਵਿਗਿਆਨੀ ਮੈਥਿਊ ਕੈਪੇਨ ਦੀ ਅਗਵਾਈ ਵਿੱਚ ਹੋਏ ਅਧਿਐਨ ਅਨੁਸਾਰ ਮਨੁੱਖੀ ਦਿਮਾਗ ਵਿੱਚ ਪਲਾਸਟਿਕ ਦੀ ਮਾਤਰਾ ਬਾਕੀ ਸਰੀਰਕ ਅੰਗਾਂ (ਮਿਹਦਾ, ਫੇਫੜੇ ਤੇ ਗੁਰਦੇ) ਨਾਲੋਂ 10 ਤੋਂ 20 ਗੁਣਾ ਵੱਧ ਪਾਈ ਗਈ ਹੈ । 91 ਮ੍ਰਿਤਕ ਦੇਹਾ 'ਤੇ ਕੀਤੇ ਇਸ ਅਧਿਐਨ ਨੇ ਦੱਸਿਆ ਕਿ ਸਮੇਂ ਦੇ ਨਾਲ ਇਹ ਸਥਿਤੀ ਹੋਰ ਭਿਆਨਕ ਹੁੰਦੀ ਜਾ ਰਹੀ ਹੈ, ਕਿਉਂਕਿ ਸਾਲ 2016 ਦੇ ਮੁਕਾਬਲੇ 2024 ਵਿੱਚ ਮਰੇ ਵਿਅਕਤੀਆਂ ਦੇ ਦਿਮਾਗ ਵਿੱਚ ਪਲਾਸਟਿਕ ਦੀ ਮਾਤਰਾ 50 ਫ਼ੀਸਦੀ ਵੱਧ ਸੀ । ਸਭ ਤੋਂ ਚਿੰਤਾਜਨਕ ਪਹਿਲੂ ਇਹ ਹੈ ਕਿ ਮਾਨਸਿਕ ਰੋਗਾਂ ਜਾਂ ਪਾਗਲਪਨ ਦੇ ਸ਼ਿਕਾਰ ਵਿਅਕਤੀਆਂ ਦੇ ਦਿਮਾਗ ਵਿੱਚ ਪਲਾਸਟਿਕ ਦੀ ਮਾਤਰਾ ਆਮ ਲੋਕਾਂ ਨਾਲੋਂ 10 ਗੁਣਾ ਵੱਧ ਮਿਲੀ ਹੈ । ਇਹ ਅਧਿਐਨ ਸਪੱਸ਼ਟ ਸੰਕੇਤ ਦਿੰਦਾ ਹੈ ਕਿ ਦਿਮਾਗ ਵਿੱਚ ਜਮ੍ਹਾਂ ਹੋ ਰਿਹਾ ਪਲਾਸਟਿਕ ਸਾਡੇ ਤੰਤੂ-ਤੰਤਰ ਨੂੰ ਨਸ਼ਟ ਕਰ ਰਿਹਾ ਹੈ ਤੇ ਭਵਿੱਖ ਵਿੱਚ ਅਲਜ਼ਾਈਮਰ ਤੇ ਡਿਮੈਂਸ਼ੀਆ ਵਰਗੀਆਂ ਗੰਭੀਰ ਮਾਨਸਿਕ ਬਿਮਾਰੀਆਂ ਦਾ ਵੱਡਾ ਕਾਰਨ ਬਣ ਸਕਦਾ ਹੈ । ਇਸ ਤਰ੍ਹਾਂ ਪਲਾਸਟਿਕ ਪ੍ਰਦੂਸ਼ਣ ਧੀਮਾ ਜ਼ਹਿਰ ਸਾਬਤ ਹੋ ਰਿਹਾ ਹੈ । ਜਦੋਂ ਅਸੀਂ ਪਲਾਸਟਿਕ ਦੇ ਬਰਤਨਾਂ ਅਤੇ ਸਮਾਨ ਦੀ ਖਰੀਦਦਾਰੀ ਤੋਂ ਤੌਬਾ ਕਰਾਂਗੇ ਤਾਂ ਨਾ ਸਿਰਫ਼ ਪਲਾਸਟਿਕ ਬਣਾਉਣ ਵਾਲੇ ਕਾਰਖਾਨੇ ਬੰਦ ਹੋਣਗੇ, ਸਗੋਂ ਸਾਡੀ ਪੁਰਾਤਨ ਜੂਟ ਇੰਡਸਟਰੀ (ਪਟਸਨ ਉਦਯੋਗ) ਨੂੰ ਮੁੜ ਹੁਲਾਰਾ ਮਿਲੇਗਾ । ਜੇਕਰ ਅਸੀਂ ਅੱਜ ਆਪਣੀਆਂ ਆਦਤਾਂ ਨਹੀਂ ਬਦਲਦੇ ਤਾਂ 2050 ਤੱਕ ਸਮੁੰਦਰਾਂ ਵਿੱਚ ਮੱਛੀਆਂ ਨਾਲੋਂ ਵੱਧ ਪਲਾਸਟਿਕ ਦੀ ਮਾਤਰਾ ਹੋਵੇਗੀ । ਪਲਾਸਟਿਕ ਵਿਰੁੱਧ ਲੜਾਈ ਨੂੰ ਇੱਕ ਜਨ ਅੰਦੋਲਨ ਬਣਾਉਣ ਦੀ ਲੋੜ ਹੈ । ਆਪਣੇ ਘਰ ਨੂੰ ਪਲਾਸਟਿਕ ਮੁਕਤ ਬਣਾਉਣ ਦੀ ਸ਼ੁਰੂਆਤ ਅੱਜ ਹੀ ਕਰੋ । ਇਹ ਉਹ ਜੰਗ ਹੈ, ਜੋ ਸਾਨੂੰ ਆਪਣੀ ਹੋਂਦ ਤੇ ਆਪਣੀਆਂ ਨਸਲਾਂ ਲਈ ਹਰ ਹਾਲ ਜਿੱਤਣੀ ਹੀ ਪਵੇਗੀ ।

ਇਹ ਕਿਸਾਨ ਮੇਲੇ ਤੇ ਕੈਂਪ ਕਿਸਾਨਾਂ ਨੂੰ ਖ਼ਰੀਫ਼ ਦੀ ਮੁੱਖ ਫ਼ਸਲ ਝੋਨੇ ਦੇ ਸੁਧਰੇ ਬੀਜ ਮੁਹੱਈਆ ਕਰਨ ਤੋਂ ਇਲਾਵਾ ਖ਼ਰੀਫ਼ ਦੀਆਂ ਹੋਰ ਫ਼ਸਲਾਂ ਸੰਬੰਧੀ ਗਿਆਨ ਵੀ ਦਿੰਦੇ ਹਨ । ਕਿਸਾਨਾਂ ਦੀ ਰਾਏ 'ਤੇ ਪਿਛਲੀਆਂ ਖੋਜ ਵਿਧੀਆਂ ਦਾ ਮੁਲਾਂਕਣ ਵੀ ਹੁੰਦਾ ਹੈ । ਨਵੀਆਂ ਖੇਤੀ ਤਕਨੀਕਾਂ ਤੇ ਖੋਜ ਵਿਧੀਆਂ ਦਾ ਪ੍ਰਦਰਸ਼ਨ ਵੀ ਇਨ੍ਹਾਂ ਮੇਲਿਆਂ ਅਤੇ ਕੈਂਪਾਂ ਦੌਰਾਨ ਕੀਤਾ ਜਾਂਦਾ ਹੈ । ਇਹ ਕਿਸਾਨ ਮੇਲੇ ਤੇ ਕੈਂਪ ਖੇਤੀ ਮਾਹਿਰਾਂ, ਵਿਗਿਆਨੀਆਂ ਤੇ ਕਿਸਾਨਾਂ ਦਾ ਸੁਮੇਲ ਹਨ । ਕਿਸਾਨ ਮੇਲੇ 'ਤੇ ਕੈਂਪਾਂ ਵਿੱਚ ਕਿਸਾਨ ਆਪੋ ਵਿੱਚ ਵਿਚਾਰ-ਵਟਾਂਦਰਾ ਕਰਦੇ ਹਨ, ਜਿਸ ਨਾਲ ਕਿਸਾਨਾਂ ਨੂੰ ਆਪਣੀਆਂ ਸਮੱਸਿਆਵਾ ਦਾ ਹੱਲ ਤੇ ਵਿਗਿਆਨੀਆਂ ਨੂੰ ਖੋਜ ਲਈ ਪ੍ਰਤੀਕਿਰਿਆ ਮਿਲਦੀ ਹੈ ।





ਭਗਵਾਨ ਦਾਸ

ਕਿਸਾਨਾਂ ਲਈ ਮਹੱਤਵਪੂਰਨ ਹਨ

ਕਿਸਾਨ ਕੈਂਪ ਤੇ ਕਿਸਾਨ ਮੇਲੇ

ਖੇਤੀ ਪੱਖੋਂ ਮਾਰਚ ਦਾ ਮਹੀਨਾ ਤੇ ਇਸ ਦੌਰਾਨ ਲਗਾਏ ਜਾ ਰਹੇ ਕਿਸਾਨ ਕੈਂਪ ਤੇ ਮੇਲੇ ਬੜੇ ਮਹੱਤਵਪੂਰਨ ਹਨ । ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਲੋਂ ਨਾਰਾਕਲਾਂ ਜਹਾਂਗੀਰ (ਅੰਮ੍ਰਿਤਸਰ), ਰੌਣੀ (ਪਟਿਆਲਾ) ਤੇ ਬੱਲੋਵਾਲ ਸੌਂਖੜੀ (ਸ਼ਹੀਦ ਭਗਤ ਸਿੰਘ ਨਗਰ) ਵਿਖੇ ਕਿਸਾਨ ਮੇਲੇ ਲਗਾਏ ਜਾ ਚੁੱਕੇ ਹਨ । ਅੱਜ ਇੰਡੀਅਨ ਐਗਰੀਕਲਚਰਲ ਰਿਸਰਚ ਇੰਸਟੀਚਿਊਟ (ਆਈ.ਏ.ਆਰ.ਆਈ.) ਤੇ ਪੰਜਾਬ ਯੰਗ ਫਾਰਮਰਜ਼ ਐਸੋਸੀਏਸ਼ਨ ਵਲੋਂ ਰੱਖੜਾ (ਪਟਿਆਲਾ) ਵਿਖੇ ਕਿਸਾਨ ਕੈਂਪ (ਮਿੰਨੀ ਮੇਲਾ) ਲਗਾਇਆ ਜਾ ਰਿਹਾ ਹੈ । ਇੱਥੋਂ ਆਈ.ਏ.ਆਰ.ਆਈ ਵਲੋਂ ਵਿਕਸਤ ਬਾਸਮਤੀ ਤੇ ਝੋਨੇ ਦੇ ਪੂਸਾ ਬਾਸਮਤੀ-1509, ਪੂਸਾ ਬਾਸਮਤੀ-1401, ਪੂਸਾ ਬਾਸਮਤੀ-1885 ਅਤੇ ਥੋੜ੍ਹੇ ਸਮੇਂ ਵਿੱਚ ਪੱਕਣ ਵਾਲੀਆਂ ਤੇ ਵਧੇਰੇ ਝਾੜ ਦੇਣ ਵਾਲੀਆਂ ਝੋਨੇ ਦੀਆਂ ਪੂਸਾ-2090 ਤੇ ਪੂਸਾ-1824 ਦੇ ਸੁਧਰੇ ਬੀਜ ਕਿਸਾਨਾਂ ਨੂੰ ਦਿੱਤੇ ਜਾਣਗੇ । ਇਸ ਮਿੰਨੀ ਮੇਲੇ ਦੀ ਪ੍ਰਧਾਨਗੀ ਡਾ. ਸੀ.ਐਚ. ਸ੍ਰੀਨਿਵਾਸਾ ਰਾਓ ਡਾਇਰੈਕਟਰ ਤੇ ਵਾਈਸ ਚਾਂਸਲਰ ਆਈ.ਏ.ਆਰ.ਆਈ. (ਇੰਡੀਅਨ ਐਗਰੀਕਲਚਰਲ ਰਿਸਰਚ ਇੰਸਟੀਚਿਊਟ ਨਵੀਂ ਦਿੱਲੀ) ਕਰਨਗੇ । ਉਨ੍ਹਾਂ ਦੇ ਨਾਲ ਕਿਸਾਨਾਂ ਨਾਲ ਸੰਪਰਕ ਕਰਨ ਲਈ ਸੰਯੁਕਤ ਡਾਇਰੈਕਟਰ (ਖੋਜ) ਡਾ. ਵਿਸ਼ਵਨਾਥਨ ਸੀ, ਤੇ ਹੋਰ ਮਾਹਿਰ ਵਿਗਿਆਨੀ ਵੀ ਆ ਰਹੇ ਹਨ । ਉਹ ਕਿਸਾਨਾਂ ਤੋਂ ਆਈ.ਏ.ਆਰ.ਆਈ. ਵਲੋਂ ਕਿਸਾਨਾਂ ਨੂੰ ਖ਼ਰੀਫ਼ ਦੀ ਮੁੱਖ ਫ਼ਸਲ ਝੋਨੇ ਦੇ ਸੁਧਰੇ ਬੀਜ ਮੁਹੱਈਆ ਕਰਨ ਤੋਂ ਇਲਾਵਾ ਖ਼ਰੀਫ਼ ਦੀਆਂ ਹੋਰ ਫ਼ਸਲਾਂ ਸੰਬੰਧੀ ਗਿਆਨ ਵੀ ਦਿੰਦੇ ਹਨ । ਕਿਸਾਨਾਂ ਦੀ



ਵਿਕਸਤ ਤਕਨਾਲੋਜੀ ਸੰਬੰਧੀ ਪ੍ਰਤੀਕਿਰਿਆ ਲੈਣਗੇ ਤਾਂ ਜੋ ਪੂਸਾ ਵਲੋਂ ਕੀਤੀ ਖੋਜ ਪੰਜਾਬ ਦੇ ਕਿਸਾਨਾਂ ਨੂੰ ਲਾਭ ਪਹੁੰਚਾ ਸਕੇ ਤੇ ਉਨ੍ਹਾਂ ਦੀਆਂ ਲੋੜਾਂ ਸੰਬੰਧੀ ਆਈ. ਏ. ਆਰ. ਆਈ. ਦੇ ਵਿਗਿਆਨੀ ਜਾਣਕਾਰੀ ਲੈ ਸਕਣ ।

ਪੀ. ਏ. ਯੂ. ਵਲੋਂ ਫਰੀਦਕੋਟ ਵਿਖੇ ਵੀ ਮੇਲਾ ਲਗਾਇਆ ਗਿਆ । ਲੁਧਿਆਣਾ ਪੀ. ਏ. ਯੂ. ਕੈਂਪਸ ਵਿਖੇ ਮੁੱਖ ਮੇਲਾ 20-21 ਮਾਰਚ ਨੂੰ, ਬਠਿੰਡਾ ਵਿਖੇ 24 ਮਾਰਚ ਨੂੰ ਤੇ ਗੁਰਦਾਸਪੁਰ ਵਿਖੇ ਆਖਰੀ ਮੇਲਾ 27 ਮਾਰਚ ਨੂੰ ਲਗਾਇਆ ਜਾਵੇਗਾ । ਇਹ ਕਿਸਾਨ ਮੇਲੇ ਤੇ ਕੈਂਪ ਕਿਸਾਨਾਂ ਤੇ ਖੇਤੀ ਮਾਹਿਰਾਂ, ਵਿਗਿਆਨੀਆਂ ਤੇ ਕਿਸਾਨਾਂ ਦਾ ਸੁਮੇਲ ਹਨ । ਕਿਸਾਨ ਮੇਲੇ 'ਤੇ ਕੈਂਪਾਂ ਵਿੱਚ ਕਿਸਾਨ ਆਪੋ ਵਿੱਚ ਵਿਚਾਰ-ਵਟਾਂਦਰਾ ਕਰਦੇ ਹਨ, ਜਿਸ ਨਾਲ ਕਿਸਾਨਾਂ ਨੂੰ ਆਪਣੀਆਂ ਸਮੱਸਿਆਵਾ ਦਾ ਹੱਲ ਤੇ ਵਿਗਿਆਨੀਆਂ ਨੂੰ ਖੋਜ ਲਈ ਪ੍ਰਤੀਕਿਰਿਆ ਮਿਲਦੀ ਹੈ । ਇਨ੍ਹਾਂ ਮੇਲਿਆਂ ਵਿੱਚ ਵਿਗਿਆਨੀਆਂ ਵਲੋਂ ਕਿਸਾਨਾਂ ਦੇ ਰਾਏ 'ਤੇ ਪਿਛਲੀਆਂ ਖੋਜ ਵਿਧੀਆਂ ਦਾ ਮੁਲਾਂਕਣ ਵੀ ਹੁੰਦਾ ਹੈ । ਨਵੀਆਂ ਖੇਤੀ ਤਕਨੀਕਾਂ ਤੇ ਖੋਜ ਵਿਧੀਆਂ ਦਾ ਪ੍ਰਦਰਸ਼ਨ ਵੀ ਇਨ੍ਹਾਂ ਮੇਲਿਆਂ ਅਤੇ ਕੈਂਪਾਂ ਦੌਰਾਨ ਕੀਤਾ ਜਾਂਦਾ ਹੈ । ਇਹ ਕਿਸਾਨ ਮੇਲੇ ਤੇ ਕੈਂਪ ਖੇਤੀ ਮਾਹਿਰਾਂ, ਵਿਗਿਆਨੀਆਂ ਤੇ ਕਿਸਾਨਾਂ ਦਾ ਸੁਮੇਲ ਹਨ । ਕਿਸਾਨ ਮੇਲੇ 'ਤੇ ਕੈਂਪਾਂ ਵਿੱਚ ਕਿਸਾਨ ਆਪੋ ਵਿੱਚ ਵਿਚਾਰ-ਵਟਾਂਦਰਾ ਕਰਦੇ ਹਨ, ਜਿਸ ਨਾਲ ਕਿਸਾਨਾਂ ਨੂੰ ਆਪਣੀਆਂ ਸਮੱਸਿਆਵਾ ਦਾ ਹੱਲ ਤੇ ਵਿਗਿਆਨੀਆਂ ਨੂੰ ਖੋਜ ਲਈ ਪ੍ਰਤੀਕਿਰਿਆ ਮਿਲਦੀ ਹੈ । ਇਨ੍ਹਾਂ ਮੇਲਿਆਂ ਵਿੱਚ ਕਿਸਾਨ ਸਵਾਲਾਂ ਦੇ ਜਵਾਬ ਵੀ ਦਿੱਤੇ ਜਾਂਦੇ ਹਨ । ਆਮ ਕਿਸਾਨ ਇਨ੍ਹਾਂ ਮੇਲਿਆਂ ਵਿੱਚ ਮਿਆਰੀ ਬੀਜ ਖਰੀਦਦੇ ਹਨ । ਝੋਨਾ ਸਾਉਣੀ ਦੀ ਮੁੱਖ ਫ਼ਸਲ ਹੈ । ਕਿਸਾਨ ਇਸ ਦੀਆਂ ਵੱਖੋ-ਵੱਖ ਕਿਸਮਾਂ ਦੇ ਬੀਜ ਇਨ੍ਹਾਂ ਮੇਲਿਆਂ ਤੋਂ ਖਰੀਦਦੇ ਹਨ । ਇਨ੍ਹਾਂ ਮੇਲਿਆਂ ਤੋਂ ਖਰੀਦੇ ਬੀਜਾਂ ਦੀ ਉੱਗਣ ਸ਼ਕਤੀ ਵਧੇਰੇ ਹੁੰਦੀ ਹੈ ਅਤੇ ਇਹ ਆਮ ਤੌਰ 'ਤੇ ਰੋਗ ਰਹਿਤ ਹੁੰਦੇ ਹਨ ਤੇ ਇਹ ਉਤਪਾਦਨ ਵਿੱਚ ਵਾਧਾ ਕਰਦੇ ਹਨ ।

32 ਲੱਖ ਹੈਕਟੇਅਰ ਰਕਬੇ 'ਤੇ ਬੀਜਣ ਲਈ ਝੋਨੇ ਦੀ ਬਾਸਮਤੀ ਦੇ ਬੀਜ ਪ੍ਰਾਪਤੀ ਕਰਨ ਲਈ ਕਿਸਾਨ ਵਿਸ਼ੇਸ਼ ਤੌਰ 'ਤੇ ਕਾਹਲੇ ਹਨ । ਝੋਨੇ ਦੀ ਫ਼ਸਲ ਹੋਰ ਫ਼ਸਲਾਂ ਦੇ ਮੁਕਾਬਲੇ ਵਧੇਰੇ ਮੁਨਾਫ਼ਾ ਦੇਣ ਕਾਰਨ ਇਸ ਨੂੰ ਕਿਸਾਨ ਛੱਡ ਨਹੀਂ ਰਹੇ । ਸਰਕਾਰਾਂ ਵਲੋਂ ਝੋਨੇ ਦੀ ਕਾਸ਼ਤ ਹੇਠ ਰਕਬਾ ਘਟਾਉਣ ਦੀ ਹਰ ਸਾਲ ਕੋਸ਼ਿਸ਼ ਕੀਤੀ ਜਾਂਦੀ ਹੈ ਪਰ ਇਹ ਵਧਦਾ ਜਾ ਰਿਹਾ ਹੈ । ਬਾਸਮਤੀ ਦੀ ਕਾਸ਼ਤ ਹੇਠ ਕੁਝ ਰਕਬਾ ਪਿਛਲੇ ਸਾਲਾਂ ਵਿੱਚ ਜ਼ਰੂਰ ਆਇਆ ਹੈ, ਜਿਸ ਨਾਲ ਪਾਣੀ ਦੀ ਕੁੱਝ ਬੱਚਤ ਹੋਈ ਹੈ, ਕਿਉਂਕਿ ਬਾਸਮਤੀ ਦੀਆਂ ਥੋੜ੍ਹੇ ਸਮੇਂ ਵਿੱਚ ਪੱਕਣ ਵਾਲੀਆਂ ਪੂਸਾ ਬਾਸਮਤੀ-1509 ਵਰਗੀਆਂ ਕਿਸਮਾਂ ਕਈ ਵਾਰ ਬਰਿਸ਼ ਦੇ ਪਾਣੀ ਨਾਲ ਹੀ ਪੱਕ ਕੇ ਤਿਆਰ ਹੋ ਜਾਂਦੀਆਂ ਹਨ । ਫੇਰ ਝੋਨੇ ਦੀ ਸਰਕਾਰੀ ਖਰੀਦ ਅਤੇ ਐਮ.ਐਸ.ਪੀ. ਹੋਣ ਕਾਰਨ ਇਸ ਦੇ ਮੰਡੀਕਰਨ ਵਿੱਚ ਵੀ ਬਹੁਤ ਮੁਸ਼ਕਿਲ ਨਹੀਂ ਆਉਂਦੀ ।

ਖੇਤੀ ਪ੍ਰਸਾਰ ਸੇਵਾ ਵਲੋਂ ਪਿੰਡਾਂ ਵਿੱਚ ਨਵੀਂ ਖੋਜ ਤੇ ਆਧਾਰਿਤ ਤਕਨੀਕਾਂ ਵਿਸ਼ੇਸ਼ ਕਰਕੇ ਛੋਟੇ ਤੇ ਸੀਮਾਂਤ ਕਿਸਾਨਾਂ ਤੱਕ ਪਹੁੰਚਾਉਣ ਲਈ ਮਾਹਿਰ ਅਮਲੇ ਦੀ ਕਮੀ ਹੈ । ਕਿਸਾਨ ਮੇਲੇ ਤੇ ਕੈਂਪ ਹੀ ਇਸ ਕਮੀ ਨੂੰ ਪੂਰਾ ਕਰਦੇ ਹਨ । ਵਿਗਿਆਨੀਆਂ ਤੇ ਖੋਜ ਸੰਸਥਾਵਾਂ ਨੇ ਇਨ੍ਹਾਂ ਕਿਸਾਨ ਮੇਲਿਆਂ ਤੇ ਕੈਂਪਾਂ ਨੂੰ ਨਵੀਂ ਤਕਨਾਲੋਜੀ ਤੇ ਬੀਜ ਕਿਸਾਨਾਂ ਤੱਕ ਪਹੁੰਚਾਉਣ ਲਈ ਆਧਾਰ ਬਣਾਇਆ ਹੈ । ਪ੍ਰਬੰਧਕਾਂ ਨੂੰ ਚਾਹੀਦਾ ਹੈ ਕਿ ਉਨ੍ਹਾਂ ਇਨ੍ਹਾਂ ਮੇਲਿਆਂ ਤੇ ਕੈਂਪਾਂ ਨੂੰ ਰਾਜਨੀਤੀ ਤੇ ਵਪਾਰ ਦਾ ਕੇਂਦਰ ਨਾ ਬਣਨ ਦੇਣ । ਕਿਸਾਨਾਂ ਨੂੰ ਵੀ ਇਨ੍ਹਾਂ ਮੇਲਿਆਂ ਦੁਆਰਾ ਵਿਗਿਆਨੀਆਂ ਵਲੋਂ ਝੋਨੇ, ਬਾਸਮਤੀ ਦੀਆਂ ਕਿਸਮਾਂ ਦੀ ਚੋਣ ਸੰਬੰਧੀ ਸਿਫ਼ਾਰਸ਼ਾਂ ਮੰਨਣੀਆਂ ਚਾਹੀਦੀਆਂ ਹਨ ਅਤੇ ਪ੍ਰਮਾਣਿਤ ਸੰਸਥਾਵਾਂ ਦੇ ਵਿਕਰੇਤਾਵਾਂ ਅਤੇ ਖੇਤੀ ਯੂਨੀਵਰਸਿਟੀਆਂ ਵਲੋਂ ਵਿਕਸਤ ਕਿਸਮਾਂ ਦੇ ਬੀਜ ਹੀ ਖਰੀਦਣੇ ਚਾਹੀਦੇ ਹਨ ।

ਖੇਤੀਬਾੜੀ ਪੰਜਾਬ ਦੀ ਆਰਥਿਕਤਾ ਦਾ ਧੁਰਾ ਹੈ । ਕੇਂਦਰੀ ਅੰਨ ਭੰਡਾਰ ਵਿੱਚ ਇਹ 40 ਫ਼ੀਸਦੀ ਤੱਕ ਕਣਕ ਤੇ 31-32 ਫ਼ੀਸਦੀ ਤੱਕ ਚੌਲਾਂ ਦਾ ਯੋਗਦਾਨ ਪਾਉਂਦਾ ਹੈ । ਰਜ ਦੇ ਸਾਰੇ ਖੇਤਰਾਂ ਨਾਲੋਂ ਵੱਧ ਜਨਸੰਖਿਆ ਨੂੰ ਰੁਜ਼ਗਾਰ ਮੁਹੱਈਆ ਕਰਦਾ ਹੈ, ਜਦਕਿ ਇਸ ਦਾ ਰਕਬਾ ਭਾਰਤ ਦੀ ਕੁੱਲ ਜ਼ਮੀਨ ਦਾ 3 ਫ਼ੀਸਦੀ ਹੈ । ਇਨ੍ਹਾਂ ਕਿਸਾਨ ਮੇਲਿਆਂ ਵਿੱਚ ਵਿਗਿਆਨੀ ਪਾਣੀ ਦੀ ਬੱਚਤ ਦਾ ਪਹਿਲੂ ਧਿਆਨ ਵਿੱਚ ਰੱਖਦੇ ਹੋਏ ਕਿਸਾਨਾਂ ਨੂੰ ਝੋਨੇ ਤੇ ਬਾਸਮਤੀ ਸੰਬੰਧੀ ਯੋਗ ਕਿਸਮਾਂ ਤੇ ਤਕਨਾਲੋਜੀ ਨੂੰ ਅਪਣਾ ਕੇ ਵੱਧ ਤੋਂ ਵੱਧ ਝਾੜ ਪ੍ਰਾਪਤ ਕਰਨ ਦੇ ਯੋਗ ਬਣਾਉਣ ਤਾਂ ਜੋ ਉਨ੍ਹਾਂ ਦੀ ਆਮਦਨ ਵਿੱਚ ਵਾਧਾ ਹੋਵੇ ਅਤੇ ਕਿਸਾਨ ਮੇਲਿਆਂ 'ਤੇ ਕੀਤਾ ਜਾ ਰਿਹਾ ਖ਼ਰਚ ਅਤੇ ਵਿਗਿਆਨੀਆਂ ਵਲੋਂ ਖੋਜ ਤੇ ਖ਼ਰਚ ਕੀਤਾ ਜਾ ਰਿਹਾ ਸਮਾਂ ਕਿਸਾਨਾਂ ਨੂੰ ਫ਼ਾਇਦਾ ਪਹੁੰਚਾ ਸਕੇ ।

ਫੁੱਲਾਂ ਦੀ ਬਿਜਾਈ ਨੂੰ ਤਰਜ਼ੀਹ ਦੇਣ ਲੱਗੇ ਸੂਝਵਾਨ ਕਿਸਾਨ

★ ਕਣਕ-ਝੋਨੇ ਦੀ ਥਾਂ ਨਵਾਂ ਬਦਲ ਲੱਭਦਿਆਂ ਅਗਾਂਹਵਧੂ ਕਿਸਾਨ ਭੁਪਿੰਦਰ ਸਿੰਘ ਨੇ ਆਪਣੇ ਖੇਤਾਂ ਵਿੱਚ ਕੀਤੀ ਗੇਂਦੇ ਦੇ ਫੁੱਲਾਂ ਦੀ ਬਿਜਾਈ

ਅੱਜ ਦੇ ਮਹਿੰਗਾਈ ਦੇ ਯੁੱਗ ਵਿੱਚ ਸੂਝਵਾਨ ਕਿਸਾਨਾਂ ਵੱਲੋਂ ਕਣਕ ਅਤੇ ਝੋਨੇ ਦੇ ਫ਼ਸਲੀ ਚੱਕਰ ਵਿੱਚੋਂ ਬਾਹਰ ਨਿਕਲਦਿਆਂ ਹੋਇਆਂ ਆਪਣੇ ਖੇਤਾਂ ਵਿੱਚ ਵਿਦੇਸ਼ਾਂ ਦੀ ਤਰਜ 'ਤੇ ਫੁੱਲਾਂ ਦੀ ਖੇਤੀ ਕਰਨ ਨੂੰ ਤਰਜ਼ੀਹ ਦਿੱਤੀ ਜਾ ਰਹੀ ਹੈ, ਜਿਸ ਦੀ ਮਿਸਾਲ ਪਿੰਡ ਦੁੱਲਾਂ ਨੰਗਲ (ਕਲਾਨੌਰ) ਦੇ ਅਗਾਂਹਵਧੂ ਕਿਸਾਨ ਭੁਪਿੰਦਰ ਸਿੰਘ ਤੋਂ ਮਿਲਦੀ ਹੈ । ਪਿੰਡ ਦੁੱਲਾ ਨੰਗਲ ਵਿਖੇ ਦੋ ਪਲਾਟਾਂ ਵਿੱਚ ਗੇਂਦੇ ਦੇ ਫੁੱਲਾਂ ਦੀ ਬਿਜਾਈ ਕਰ ਰਹੇ ਭੁਪਿੰਦਰ ਸਿੰਘ ਦੁੱਲਾ ਨੰਗਲ ਅਤੇ ਉਸ ਦੇ ਸਾਥੀ ਸੁਰਿੰਦਰ ਸਿੰਘ ਨੇ ਦੱਸਿਆ ਕਿ ਅੱਜ ਦੇ ਮਹਿੰਗਾਈ ਅਤੇ ਫੈਸ਼ਨ ਦੇ ਯੁੱਗ ਵਿੱਚ ਸਾਨੂੰ ਕਣਕ-ਝੋਨੇ ਦੀਆਂ ਫ਼ਸਲਾਂ ਬਿਜਾਈ ਦੀ ਥਾਂ ਨਵਾਂ ਬਦਲ ਲੱਭਦਿਆਂ ਹੋਇਆਂ ਆਪਣੇ ਖੇਤਾਂ ਵਿੱਚ ਗੇਂਦੇ ਦੇ ਫੁੱਲਾਂ ਦੀ ਬਿਜਾਈ ਕੀਤੀ ਗਈ ।



ਭੁਪਿੰਦਰ ਸਿੰਘ ਨੇ ਦੱਸਿਆ ਕਿ ਪਿਛਲੇ ਸਾਲ ਉਹਨਾਂ ਵੱਲੋਂ ਆਪਣੇ ਦਸ ਮਰਲੇ ਦੇ ਪਲਾਟ ਵਿੱਚ ਗੇਂਦੇ ਦੇ ਫੁੱਲਾਂ ਦੀ ਬਿਜਾਈ ਦਾ ਟਰਾਇਲ ਕੀਤਾ ਸੀ, ਜੋ ਸਫਲ ਹੋਣ 'ਤੇ ਉਨ੍ਹਾਂ ਵੱਲੋਂ ਇਸ ਵਾਰ ਇੱਕ ਏਕੜ ਵਿੱਚ ਲੱਡੂ ਗੇਂਦੇ ਫੁੱਲ ਦੀ ਪਨੀਰੀ ਬਿਜਾਈ ਕੀਤੀ ਗਈ । ਉਸ ਨੇ ਦੱਸਿਆ ਕਿ ਇਹ ਪਨੀਰੀ ਉਹਨਾਂ ਨੇ ਪਟਿਆਲੇ ਤੋਂ ਮੰਗਵਾ ਕੇ ਖੇਤਾਂ ਵਿੱਚ ਬੈਡ ਬਣਾ ਕੇ ਫੁੱਟ-ਫੁੱਟ ਦੀ ਦੂਰੀ 'ਤੇ ਗੇਂਦੇ ਦੇ ਫੁੱਲਾਂ ਦੀ ਬਿਜਾਈ ਕਰ ਦਿੱਤੀ ਹੈ, ਪਰੰਤੂ ਬਾਰਿਸ਼ਾਂ ਅਤੇ ਗੜ੍ਹੇਮਾਰੀ ਕਾਰਨ ਕਈ ਬੂਟੇ ਨਸ਼ਟ ਹੋ ਗਏ ਸਨ, ਜਿਨ੍ਹਾਂ ਦੀ ਥਾਂ 'ਤੇ ਉਹਨਾਂ ਵੱਲੋਂ ਨਵੇਂ ਬੂਟੇ ਲਗਾਏ ਜਾ ਰਹੇ ਹਨ । ਭੁਪਿੰਦਰ ਸਿੰਘ ਨੇ ਦੱਸਿਆ ਕਿ ਅੱਜ ਦੇ ਅੱਜੋਕੇ ਸਮੇਂ ਵਿੱਚ ਕਿਸਾਨਾਂ ਨੂੰ ਆਮਦਨ ਅਤੇ ਲਾਭ ਦੇਣ ਵਾਲੀਆਂ ਫ਼ਸਲਾਂ ਦੀ ਕਾਸ਼ਤ ਕਰਨ ਨੂੰ ਤਰਜ਼ੀਹ ਦੇਣੀ ਚਾਹੀਦੀ ਹੈ ਤਾਂ ਹੀ ਕਿਰਸਾਨੀ ਨੂੰ ਖੁਸ਼ਹਾਲ ਬਣਾਇਆ ਜਾ ਸਕਦਾ ਹੈ । ਉਹਨਾਂ ਕਿਹਾ ਕਿ ਪਿਛਲੇ ਸਮੇਂ ਦੌਰਾਨ ਟਰਾਇਲ ਕੀਤੀ ਫੁੱਲਾਂ ਦੀ ਖੇਤੀ ਦੌਰਾਨ ਉਹਨਾਂ ਨੇ ਫੁੱਲ ਗੁਰੂ ਘਰਾਂ ਦੀ ਸਜਾਵਟ ਲਈ ਚੜ੍ਹਾਏ ਅਤੇ ਪਾਲਕੀ ਸਾਹਿਬ ਨੂੰ ਫੁੱਲਾਂ ਨਾਲ ਸ਼ਿੰਗਾਰਿਆ ਸੀ । ਉਹਨਾਂ ਕਿਹਾ ਕਿ ਫੁੱਲਾਂ ਦੀ ਮੰਗ ਮਾਰਕੀਟ ਵਿੱਚ ਕਾਫੀ ਹੈ ।

ਭੁਪਿੰਦਰ ਸਿੰਘ ਨੇ ਦੱਸਿਆ ਕਿ ਫੁੱਲਾਂ ਦੀ ਬਿਜਾਈ ਅਤੇ ਉਹਨਾਂ ਦੇ ਪਾਲਣ-ਪੋਸ਼ਣ ਲਈ ਸਖਤ ਮਿਹਨਤ ਵਜੋਂ ਗੌਡਾਈ ਅਤੇ ਬਿਮਾਰੀਆਂ ਦੀ ਰੋਕਥਾਮ ਲਈ ਸਪਰੇਆਂ ਦੀ ਵਰਤੋਂ ਕੀਤੀ ਜਾਵੇਗੀ ।

ਪੰਜਾਬ ਵਿੱਚ ਵਾਢੀ ਦੀ ਤਿਆਰੀ



ਵਾਢੀ ਦੌਰਾਨ ਮੌਸਮ ਦਾ ਧਿਆਨ ਰੱਖੋ । ਗਰਮੀ ਵਿੱਚ ਸਵੇਰੇ ਛੇਤੀ ਫ਼ਸਲ ਵੱਢੋ ਤਾਂ ਜੋ ਦਾਣੇ ਗਰਮੀ ਨਾਲ ਨਾ ਸੜਨ । ਮੀਂਹ ਦੇ ਦਿਨਾਂ ਵਿੱਚ ਤੁਰੰਤ ਵਾਢੀ ਕਰ ਲਓ...

ਪੰਜਾਬ ਵਿੱਚ ਕਣਕ ਹਾੜੀ ਫ਼ਸਲ ਦਾ ਮੁੱਖ ਹਿੱਸਾ ਹੈ ਅਤੇ ਇਸ ਦੀ ਵਾਢੀ ਅਪ੍ਰੈਲ-ਮਈ ਵਿੱਚ ਹੁੰਦੀ ਹੈ । ਚੰਗੀ ਤਿਆਰੀ ਨਾਲ ਨਾ ਸਿਰਫ਼ ਝਾੜ ਵੱਧਦਾ ਹੈ ਬਲਕਿ ਨੁਕਸਾਨ ਵੀ ਘੱਟ ਹੁੰਦਾ ਹੈ । ਵਾਢੀ ਤੋਂ ਪਹਿਲਾਂ ਕਿਸਾਨਾਂ ਨੂੰ ਕਈ ਪਹਿਲੂਆਂ 'ਤੇ ਧਿਆਨ ਦੇਣਾ ਚਾਹੀਦਾ ਹੈ ਤਾਂ ਜੋ ਫ਼ਸਲ ਸੁਰੱਖਿਅਤ ਅਤੇ ਉੱਚ ਗੁਣਵੱਤਾ ਵਾਲੀ ਰਹੇ । ਸਭ ਤੋਂ ਪਹਿਲਾਂ ਫ਼ਸਲ ਦੀ ਪੱਕਣ ਦੀ ਸਹੀ ਸਥਿਤੀ ਜਾਣੋ । ਜਦੋਂ ਪੱਤੇ ਅਤੇ ਡੰਡਲ ਪੀਲੇ ਹੋ ਜਾਣ, ਦਾਣੇ ਸਖ਼ਤ ਹੋ ਜਾਣ ਅਤੇ ਨਮੀ 20-25 ਫ਼ੀਸਦੀ ਰਹਿ ਜਾਵੇ ਤਾਂ ਵਾਢੀ ਲਈ ਤਿਆਰ ਹੁੰਦੀ ਹੈ । ਪੂਰੀ ਪੱਕਣ ਤੋਂ 4-5 ਦਿਨ ਪਹਿਲਾਂ ਵਾਢੀ ਕਰੋ ਤਾਂ ਜੋ ਦਾਣਿਆਂ ਵਿੱਚ ਗੁਣਵੱਤਾ ਬਣੀ ਰਹੇ ਅਤੇ ਝਾੜ ਵਿੱਚ ਨੁਕਸਾਨ ਨਾ ਹੋਵੇ । ਪੰਜਾਬ ਵਿੱਚ ਜ਼ਿਆਦਾਤਰ ਕੰਬਾਈਨ ਨਾਲ ਵਾਢੀ ਹੁੰਦੀ ਹੈ, ਇਸ ਨਾਲ ਕੰਮ ਤੇਜ਼ ਤੇ ਘੱਟ ਮਿਹਨਤ ਵਾਲਾ ਹੋ ਜਾਂਦਾ ਹੈ । ਕੰਬਾਈਨ ਦੀ ਸੈਟਿੰਗ ਸਹੀ ਰੱਖੋ । ਰਫ਼ਤਾਰ 2.0-4.0 ਕਿਲੋਮੀਟਰ ਪ੍ਰਤੀ ਘੰਟਾ ਰੱਖੋ, ਡਰੰਮ ਸਪੀਡ ਅਤੇ ਸਿਲੰਡਰ ਗੈਪ ਨੂੰ ਫ਼ਸਲ ਅਨੁਸਾਰ ਐਡਜਸਟ ਕਰੋ ਤਾਂ ਜੋ ਦਾਣੇ ਟੁੱਟਣ ਜਾਂ ਛੱਡੇ ਜਾਣ ਦਾ ਨੁਕਸਾਨ ਘੱਟ ਹੋਵੇ । ਵਾਢੀ ਤੋਂ ਪਹਿਲਾਂ ਮਸ਼ੀਨਰੀ ਦੀ ਜਾਂਚ ਜ਼ਰੂਰੀ ਹੈ । ਕੰਬਾਈਨ, ਥਰੈਸ਼ਰ, ਟਰੈਕਟਰ ਅਤੇ ਟਰਾਲੀਆਂ ਨੂੰ ਸਾਫ਼ ਕਰੋ, ਤੇਲ ਬਦਲੋ, ਬੈਲਟਾਂ ਤੇ ਬਲੇਡਾਂ ਨੂੰ ਚੈੱਕ ਕਰੋ ।

ਛੋਟੇ ਕਿਸਾਨ ਹੱਥ ਨਾਲ ਵਾਢੀ ਕਰਨ ਤਾਂ ਤਿੱਖੀ ਦਾਤੀਆਂ ਅਤੇ ਬੰਨ੍ਹਣ ਵਾਲੀਆਂ ਰੱਸੀਆਂ ਤਿਆਰ ਰੱਖੋ । ਖੇਤ ਵਿੱਚ ਪਾਣੀ ਦੀ ਲੋੜ ਨਹੀਂ ਰਹਿੰਦੀ ਪਰ ਅਖ਼ੀਰਲਾ ਪਾਣੀ ਸਹੀ ਸਮੇਂ ਲਗਾਇਆ ਜਾਵੇ ਤਾਂ ਦਾਣੇ ਭਰਨ ਵਿੱਚ ਮਦਦ ਮਿਲਦੀ ਹੈ । ਨਾੜ ਦਾ ਪ੍ਰਬੰਧ ਵੀ ਮਹੱਤਵਪੂਰਨ ਹੈ । ਹੈਪੀ ਸੀਡਰ, ਸੁਪਰ ਸੀਡਰ ਜਾਂ ਥਾਇਓ-ਡੀਕੰਪੋਜ਼ਰ ਵਰਤੋਂ ਤਾਂ ਜੋ ਨਾੜ ਖੇਤ ਵਿੱਚ ਹੀ ਖਾਦ ਬਣ ਜਾਵੇ ਅਤੇ ਵਾਢੀ ਤੋਂ ਬਾਅਦ ਝੋਨੇ ਦੀ ਬਿਜਾਈ ਸੌਖੀ ਹੋ ਜਾਵੇ । ਇਸ ਨਾਲ ਵਾਤਾਵਰਣ ਵੀ ਸਾਫ਼ ਰਹਿੰਦਾ ਹੈ ਅਤੇ ਮਿੱਟੀ ਦੀ ਉਪਜਾਊ ਸ਼ਕਤੀ ਵਧਦੀ ਹੈ । ਵਾਢੀ ਦੌਰਾਨ ਮੌਸਮ ਦਾ ਧਿਆਨ ਰੱਖੋ । ਗਰਮੀ ਵਿੱਚ ਸਵੇਰੇ ਕੀਤੀ ਵਾਢੀ ਕਰੋ ਤਾਂ ਜੋ ਦਾਣੇ ਗਰਮੀ ਨਾਲ ਨਾ ਸੜਨ । ਮੀਂਹ ਦੇ ਖ਼ਤਰੇ ਵਾਲੇ ਦਿਨਾਂ ਵਿੱਚ ਤੁਰੰਤ ਵਾਢੀ ਕਰ ਲਓ ।

ਵਾਢੀ ਤੋਂ ਬਾਅਦ ਦਾਣਿਆਂ ਨੂੰ 2-3 ਦਿਨ ਸੁੱਕਣ ਲਈ ਖੁੱਲ੍ਹੀ ਥਾਂ 'ਤੇ ਰੱਖੋ ਤਾਂ ਜੋ ਨਮੀ 12-14 ਫ਼ੀਸਦ ਰਹਿ ਜਾਵੇ, ਜੋ ਸਟੋਰੇਜ਼ ਲਈ ਆਦਰਸ਼ ਹੈ । ਸਰਕਾਰੀ ਖ਼ਰੀਦ ਲਈ ਐੱਮਐੱਸਪੀ (2026-27 ਲਈ 2585 ਪ੍ਰਤੀ ਕੁਇੰਟਲ) ਅਨੁਸਾਰ ਤਿਆਰੀ ਕਰੋ । ਆੜ੍ਹਤੀਆਂ ਨਾਲ ਸੰਪਰਕ ਰੱਖੋ ਅਤੇ ਖੇਤ ਵਿੱਚੋਂ ਸਿੱਧੇ ਮੰਡੀ ਜਾਂ ਪ੍ਰੋਕਿਊਰਮੈਂਟ ਸੈਂਟਰ ਲਿਜਾਓ । ਚੰਗੀ ਤਿਆਰੀ ਨਾਲ ਕਿਸਾਨ ਆਪਣੀ ਮਿਹਨਤ ਦਾ ਪੂਰਾ ਲਾਭ ਲੈ ਸਕਦੇ ਹਨ ਅਤੇ ਖੇਤੀ ਨੂੰ ਲਾਭਕਾਰੀ ਬਣਾ ਸਕਦੇ ਹਨ ।

ਸਟਰਾਅ ਬੇਰੀ ਦੀ ਸਫਲ ਕਾਸ਼ਤ ਕਰਕੇ
ਸ਼ੇਰੇ ਪੰਜਾਬ ਸਿੰਘ ਕਾਹਲੋਂ
ਕਿਸਾਨਾਂ ਲਈ ਰਾਹ-ਦਸੇਰਾ ਬਣਿਆ



ਕਿਸਾਨ ਨੇ ਕਿਹਾ ਕਿ ਉਹ ਸਟਰਾਅ ਬੇਰੀ ਦੀ ਫ਼ਸਲ ਆਰਗੈਨਿਕ ਤਰੀਕੇ ਨਾਲ ਪੈਦਾ ਕਰਦਾ ਹੈ ਅਤੇ ਫ਼ਲ ਨੂੰ ਕੀੜੀ ਅਤੇ ਫੰਗਸ ਤੋਂ ਬਚਾਉਣ ਲਈ ਖੱਟੀ ਲੱਸੀ ਅਤੇ ਨਿੰਮ ਦਾ ਛਿੜਕਾਅ ਕਰਦਾ ਹੈ, ਇਸ ਤੋਂ ਇਲਾਵਾ ਉਹ ਦੇਸੀ ਖਾਦ ਦੀ ਵਰਤੋਂ ਕਰਦਾ ਹੈ । ਕਾਹਲੋਂ ਨੇ ਦੂਸਰੇ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਉਹ ਕਣਕ ਝੋਨੇ ਦੇ ਫ਼ਸਲੀ ਚੱਕਰ ਵਿੱਚੋਂ ਨਿਕਲ ਕੇ ਹੋਰ ਫ਼ਸਲਾਂ ਦੀ ਬਿਜਾਈ ਕਰਨ । ਉਨ੍ਹਾਂ ਕਿਹਾ ਕਿ ਖੇਤੀ ਮਾਹਿਰਾਂ ਦੀ ਸਲਾਹ ਅਤੇ ਸਹੀ ਜਾਣਕਾਰੀ ਅਤੇ ਆਪਣੀ ਮਿਹਨਤ ਨਾਲ ਕਿਸਾਨ ਆਪਣੇ ਖੇਤਾਂ ਵਿੱਚ ਸਫ਼ਲਤਾ ਦੀ ਨਵੀਂ ਇਬਾਰਤ ਲਿਖ ਸਕਦੇ ਹਨ ।

ਮਿਹਨਤ ਅੱਗੇ ਲਕਸ਼ਮੀ ਅਤੇ ਪੱਖੇ ਅੱਗੇ ਪੌਣ ਦੀ ਕਹਾਵਤ ਨੂੰ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਵਿਰਕ ਦੇ ਅਗਾਂਹਵਧੂ ਕਿਸਾਨ ਸ਼ੇਰੇ ਪੰਜਾਬ ਸਿੰਘ ਕਾਹਲੋਂ ਨੇ ਸੱਚ ਕਰ ਦਿਖਾਇਆ ਹੈ । ਕਿਸਾਨ ਸ਼ੇਰੇ ਪੰਜਾਬ ਸਿੰਘ ਕਾਹਲੋਂ ਆਪਣੇ ਖੇਤਾਂ ਵਿੱਚ ਪਿਛਲੇ ਇੱਕ ਦਹਾਕੇ ਤੋਂ ਸਟਰਾਅ ਬੇਰੀ ਦੀ ਸਫ਼ਲ ਕਾਸ਼ਤ ਕਰ ਕੇ ਚੌਖੀ ਆਮਦਨ ਕਮਾ ਰਿਹਾ ਹੈ । ਸ਼ੇਰੇ ਪੰਜਾਬ ਸਿੰਘ ਨੇ ਇਸ ਫ਼ਸਲ ਦੀ ਕਾਸ਼ਤ ਕਰ ਕੇ ਜਿੱਥੇ ਫ਼ਸਲੀ ਵਿਭਿੰਨਤਾ ਲਿਆਂਦੀ ਹੈ, ਉੱਥੇ ਨਾਲ ਹੀ ਪਾਣੀ ਦੀ ਬਚਤ ਕਰਨ ਵਿੱਚ ਵੀ ਆਪਣਾ ਯੋਗਦਾਨ ਪਾਇਆ ਹੈ । ਅਗਾਂਹਵਧੂ ਕਿਸਾਨ ਕਾਹਲੋਂ ਨੇ ਦੱਸਿਆ ਕਿ ਉਹ ਪਿਛਲੇ 10 ਸਾਲਾਂ ਤੋਂ ਸਟਰਾਅ ਬੇਰੀ ਦੀ ਕਾਸ਼ਤ ਕਰ ਰਿਹਾ ਹੈ । ਕਾਹਲੋਂ ਨੇ ਦੱਸਿਆ ਕਿ ਉਸ ਨੇ ਇਸ ਸਾਲ ਵੀ 6 ਕਨਾਲਾਂ ਵਿੱਚ ਸਟਰਾਅ ਬੇਰੀ ਦੀ ਕਾਸ਼ਤ ਕੀਤੀ ਹੈ । ਉਸਨੇ ਦੱਸਿਆ ਕਿ ਉਹ ਸਟਰਾਅ ਬੇਰੀ ਦੀ ਮਾਰਕੀਟਿੰਗ ਵੀ ਖ਼ੁਦ ਕਰਦਾ ਹੈ ਅਤੇ ਦੂਸਰੀਆਂ ਫ਼ਸਲਾਂ ਦੇ ਮੁਕਾਬਲੇ ਉਸਨੂੰ ਇਸ ਫ਼ਸਲ ਵਿੱਚੋਂ ਵੱਧ ਆਮਦਨ ਹੋ ਰਹੀ ਹੈ । ਉਸਨੇ ਕਿਹਾ ਕਿ ਉਸਦੇ ਗ੍ਰਾਹਕ ਉਸ ਨਾਲ ਸਿੱਧਾ ਰਾਬਤਾ ਕਰ ਕੇ ਆਰਡਰ ਦਿੰਦੇ ਹਨ ਅਤੇ ਉਹ ਬਿਲਕੁਲ ਤਾਜ਼ੀ ਸਟਰਾਅ ਬੇਰੀ ਉਨ੍ਹਾਂ ਦੇ ਘਰ ਪਹੁੰਚਾ ਦਿੰਦਾ ਹੈ । ਅਜਿਹਾ ਕਰਨ ਨਾਲ ਉਸ ਨੂੰ ਬਜ਼ਾਰ ਨਾਲੋਂ ਵੱਧ ਰੇਟ ਮਿਲ ਜਾਂਦਾ ਹੈ । ਕਿਸਾਨ ਕਾਹਲੋਂ ਨੇ ਦੱਸਿਆ ਕਿ ਸਟਰਾਅ ਬੇਰੀ ਦੀ ਬਿਜਾਈ ਅਕਤੂਬਰ ਮਹੀਨੇ ਵਿੱਚ ਕੀਤੀ ਜਾਂਦੀ ਹੈ ਅਤੇ ਇਹ ਫ਼ਸਲ ਪੱਕ ਕੇ ਫ਼ਰਵਰੀ ਮਹੀਨੇ ਵਿੱਚ ਤਿਆਰ ਹੁੰਦੀ ਹੈ । ਉਸ ਨੇ ਦੱਸਿਆ ਕਿ 20 ਫ਼ਰਵਰੀ ਤੋਂ ਬਾਅਦ ਇਸ ਦਾ ਮੰਡੀਕਰਨ ਕਰਨਾ ਸ਼ੁਰੂ ਹੋ ਜਾਂਦਾ ਹੈ । ਕਾਹਲੋਂ ਨੇ ਦੱਸਿਆ ਕਿ ਸਟਰਾਅ ਬੇਰੀ ਦੀ ਫ਼ਸਲ ਦੀ ਕਾਸ਼ਤ ਬਹੁਤ ਔਖੀ ਹੈ ਅਤੇ ਇਸ ਨੂੰ ਭਾਰੀ ਠੰਢ ਅਤੇ ਮੀਂਹ ਤੋਂ ਬਚਾਉਣਾ ਪੈਂਦਾ ਹੈ । ਸਾਫ਼ ਮੌਸਮ ਇਸ ਲਈ ਬਹੁਤ ਲਾਹੇਵੰਦ ਹੈ । ਉਸਨੇ ਦੱਸਿਆ ਕਿ ਇਸ ਦੀ ਪਨੀਰੀ ਹਿਮਾਚਲ ਦੇ ਊਨਾ ਅਤੇ ਮਹਾਂਬਲੇਸ਼ਵਰ ਤੋਂ ਮਿਲਦੀ ਹੈ । ਉਸ ਨੇ ਦੱਸਿਆ ਕਿ ਪੰਛੀ ਬੁਲਬੁਲ ਇਸ ਨੂੰ ਨੁਕਸਾਨ ਪਹੁੰਚਾਉਂਦਾ ਹੈ । ਜਿਸ ਤੋਂ ਬਚਾਉਣ ਲਈ ਆਡੀਉ ਟੇਪ ਦਾ ਫੀਤਾ ਤੇ ਲਿਸ਼ਕਾਰੇ ਵਾਲੇ ਫੀਤੇ ਦੀ ਆਲੇ-ਦੁਆਲੇ ਵਾਡ ਕਰਨੀ ਪੈਂਦੀ ਹੈ । ਕਿਸਾਨ ਨੇ ਦੱਸਿਆ ਕਿ ਉਹ ਸਟਰਾਅ ਬੇਰੀ ਦਾ ਮੰਡੀਕਰਨ ਸੋਸ਼ਲ ਮੀਡੀਆ ਦੇ ਜ਼ਰੀਏ ਕਰਦਾ ਹੈ ।



ਰਾਜਮਾਂਹ ਦੀ ਖੇਤੀ ਕਰਨ ਲੱਗੇ ਬਾਰਡਰ ਕੰਢੇ ਵੱਸੇ ਲੋਕ

ਪੰਜਾਬ ਸਰਕਾਰ ਅਤੇ ਖੇਤੀਬਾੜੀ ਵਿਭਾਗ ਵੱਲੋਂ ਜਿੱਥੇ ਕਿਸਾਨਾਂ ਨੂੰ ਝੋਨੇ ਤੇ ਕਣਕ ਦੇ ਫ਼ਸਲੀ ਚੱਕਰ ਤੋਂ ਬਾਹਰ ਨਿਕਲ ਕੇ ਦਾਲਾਂ, ਸਬਜ਼ੀਆਂ ਅਤੇ ਹੋਰ ਫ਼ਸਲਾਂ ਦੀ ਬਿਜਾਈ ਕਰਨ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਉੱਥੇ ਸਰਹੱਦੀ ਜ਼ਿਲ੍ਹਾ ਗੁਰਦਾਸਪੁਰ ਦੇ ਬਾਰਡਰ ਏਰੀਏ ਵਿੱਚ ਸੂਝਵਾਨ ਪਿਓ-ਪੁੱਤ ਵੱਲੋਂ ਡਰਾਈ ਏਰੀਏ ਨਾਲ ਸਬੰਧਤ ਰਾਜਮਾਂਹ ਦੀ ਫ਼ਸਲ ਵੱਡੇ ਪੱਧਰ 'ਤੇ ਬਿਜਾਈ ਕੀਤੀ ਗਈ ਹੈ। ਇਸ ਮੌਕੇ ਕਿਸਾਨ ਜਸਬੀਰ ਸਿੰਘ ਗੁਰਾਇਆਂ ਨੇ ਦੱਸਿਆ ਕਿ ਰਾਜਸਥਾਨ, ਮਹਾਰਾਸ਼ਟਰ, ਮੱਧ ਪ੍ਰਦੇਸ਼, ਉੱਤਰਾਖੰਡ, ਜੰਮੂ ਹਿਮਾਚਲ ਦੇ ਡਰਾਈ ਏਰੀਏ ਨਾਲ ਸਬੰਧਤ ਰਾਜਮਾਂਹ ਦੀ ਫ਼ਸਲ ਉਨ੍ਹਾਂ ਪਿਛਲੇ ਸਾਲ ਤੋਂ ਆਪਣੇ ਖੇਤਾਂ ਵਿੱਚ ਬਿਜਾਈ ਕਰਨੀ ਸ਼ੁਰੂ ਕੀਤੀ ਸੀ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਤੋਂ ਆਪਣੇ ਖੇਤਾਂ ਵਿੱਚ ਬਿਜਾਈ ਕਰਨੀ ਸ਼ੁਰੂ ਕੀਤੀ ਸੀ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਉਸ ਨੇ ਕਰੀਬ ਸਾਢੇ ਚਾਰ ਏਕੜ ਜ਼ਮੀਨ ਵਿੱਚ ਰਾਜਮਾਂਹ ਦੀ ਖੇਤੀ ਕੀਤੀ ਸੀ ਅਤੇ ਪਹਿਲੀ ਵਾਰ ਉਹਨਾਂ ਨੂੰ ਰਾਜਮਾਂਹ ਦੀ ਬਿਜਾਈ ਦੀ ਵਧੇਰੇ ਜਾਣਕਾਰੀ ਨਾ ਹੋਣ ਦੇ ਬਾਵਜੂਦ ਵੀ ਅੱਠ ਕੁਇੰਟਲ ਪ੍ਰਤੀ ਏਕੜ ਵਿੱਚੋਂ ਝਾੜ ਨਿਕਲਿਆ ਸੀ ਅਤੇ 8 ਹਜ਼ਾਰ ਪ੍ਰਤੀ ਕੁਇੰਟਲ ਰਾਜਮਾਂਹ ਹੱਥੋਂ ਹੱਥੀ ਵਿਕੇ ਸਨ। ਜਸਬੀਰ ਸਿੰਘ ਅਤੇ ਉਸ ਦੇ ਪੁੱਤਰ ਸੰਦੀਪ ਗੁਰਾਇਆਂ ਨੇ ਦੱਸਿਆ ਕਿ ਰਾਜਮਾਂਹ ਦੀ ਖੇਤੀ ਲਾਹੇਵੰਦ ਹੋਣ ਕਾਰਨ ਇਸ ਵਾਰ ਉਹਨਾਂ ਨੇ 28 ਏਕੜ ਵਿੱਚ ਰਾਜਮਾਂਹ ਦੀ ਖੇਤੀ ਕੀਤੀ ਹੈ। ਉਹਨਾਂ ਨੇ ਦੱਸਿਆ ਕਿ ਰਾਜਮਾਂਹ ਦੀ ਖੇਤੀ ਉਹਨਾਂ ਨੇ ਅੰਮ੍ਰਿਤਸਰ ਦੇ ਮਲਾਵਾਲਾ ਦੇ ਰਹਿਣ ਵਾਲੇ ਸੁਰਿੰਦਰ ਸਿੰਘ ਰੰਧਾਵਾ ਤੋਂ ਪ੍ਰੇਰਿਤ ਹੋ ਕੇ ਸ਼ੁਰੂ ਕੀਤੀ ਹੈ। ਉਹਨਾਂ ਦੱਸਿਆ ਕਿ ਰਾਜਮਾਂਹ ਦੀ ਖੇਤੀ ਦਾ ਢੁੱਕਵਾਂ ਸਮਾਂ 15 ਜਨਵਰੀ ਤੋਂ ਲੈ ਕੇ 15 ਫਰਵਰੀ ਤੱਕ ਹੈ ਅਤੇ ਬਿਜਾਈ ਤੋਂ ਤਿੰਨ ਮਹੀਨੇ ਬਾਅਦ ਰਾਜਮਾਂਹ ਦੀ ਫ਼ਸਲ ਪੱਕ ਕੇ ਤਿਆਰ ਹੋ ਜਾਂਦੀ ਹੈ। ਉਨ੍ਹਾਂ ਕਿਹਾ ਕਿ ਇਸ ਵਾਰ ਉਹਨਾਂ ਦੇ ਖੇਤਾਂ ਵਿੱਚ ਬਰਸਾਤੀ ਪਾਣੀ ਆਉਣ ਕਾਰਨ ਉਹਨਾਂ ਨੇ ਰਾਜਮਾਂਹ ਦੀ ਬਿਜਾਈ 8 ਫਰਵਰੀ ਤੋਂ ਸ਼ੁਰੂ ਕੀਤੀ ਸੀ। ਇਸ ਵਾਰ ਉਨ੍ਹਾਂ ਪ੍ਰਤੀ ਏਕੜ ਜ਼ਮੀਨ ਵਿੱਚ 32 ਕਿਲੋ ਰਾਜਮਾਂਹ ਦਾ ਬੀਜ ਪ੍ਰਤੀ ਕਿਲੋ 250 ਰੁਪਏ ਲੈ ਕੇ ਮਸ਼ੀਨ ਨਾਲ ਬਿਜਾਈ ਕੀਤਾ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਬਾਅਦ ਪ੍ਰਤੀ ਏਕੜ ਜ਼ਮੀਨ ਵਿੱਚ ਤਿੰਨ ਬੋਰੀਆਂ ਡਾਇਆ ਖਾਦ, ਇੱਕ ਬੋਰੀ ਪੋਟਾਸ਼ ਖਾਦ ਅਤੇ ਇੱਕ ਬੋਰੀ ਯੂਰੀਆ ਖਾਦ ਸਮੇਤ ਪ੍ਰਤੀ ਏਕੜ 15 ਹਜ਼ਾਰ ਦੇ ਕਰੀਬ ਖਰਚਾ ਆਉਂਦਾ ਹੈ। ਜਸਬੀਰ ਸਿੰਘ ਗੁਰਾਇਆਂ ਅਤੇ ਸੰਦੀਪ ਸਿੰਘ ਗੁਰਾਇਆਂ ਨੇ ਦੱਸਿਆ ਕਿ ਉਨ੍ਹਾਂ ਨੇ ਇਸ ਵਾਰ ਆਪਣੇ ਖੇਤਾਂ ਵਿੱਚ ਬਿਜਾਈ ਕੀਤੀ ਅਗੇਤੀ ਬਾਸਮਤੀ 1509 ਦੀ ਕਟਾਈ ਕਰਨ ਤੋਂ ਬਾਅਦ ਉਨ੍ਹਾਂ ਆਪਣੇ ਖੇਤਾਂ ਵਿੱਚ ਤੀਸਰੀ ਫ਼ਸਲ ਰਾਜਮਾਂਹ ਦੀ ਬਿਜਾਈ ਕੀਤੀ ਹੈ। ਇਸ ਮੌਕੇ ਉਹਨਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਅੱਜ ਦੇ ਮਹਿੰਗਾਈ ਦੇ ਯੁੱਗ ਵਿੱਚ ਸਫ਼ਲ ਕਿਸਾਨ ਬਣਨ ਅਤੇ ਆਰਥਿਕ ਖੁਸ਼ਹਾਲੀ ਲਿਆਉਣ ਲਈ ਸਾਨੂੰ ਕਣਕ ਅਤੇ ਝੋਨੇ ਦੇ ਫ਼ਸਲੀ ਚੱਕਰ ਤੋਂ ਬਾਹਰ ਨਿਕਲ ਕੇ ਰਾਜਮਾਂਹ, ਫਲ ਫਰੂਟ ਅਤੇ ਵੱਖ-ਵੱਖ ਦਾਲ ਸਬਜ਼ੀਆਂ ਦੀ ਬਿਜਾਈ ਨੂੰ ਤਰਜੀਹ ਦੇਣੀ ਚਾਹੀਦੀ ਹੈ।



★ ਝੋਨੇ ਤੇ ਕਣਕ ਦੀ ਰਵਾਇਤੀ ਫ਼ਸਲ ਤੋਂ ਕਰ ਰਹੇ ਕਿਨਾਰਾ
★ ਇੱਕ-ਦੂਜੇ ਨੂੰ ਸਬਜ਼ੀਆਂ ਤੇ ਹੋਰ ਫ਼ਸਲਾਂ ਲਈ ਕਰ ਰਹੇ ਪ੍ਰੇਰਿਤ

ਕਿਸਾਨਾਂ ਨੂੰ ਹੋ ਰਹੇ ਵੱਡੇ ਆਰਥਿਕ ਲਾਭ

ਖੇਤੀਬਾੜੀ ਅਫ਼ਸਰ ਠਾਕੁਰ ਰਣਧੀਰ ਸਿੰਘ ਨੇ ਦੱਸਿਆ ਕਿ ਸਰਹੱਦੀ ਜ਼ਿਲ੍ਹਾ ਵਿੱਚ ਸੂਝਵਾਨ ਕਿਸਾਨ ਰਾਜਮਾਂਹ ਦੀ ਖੇਤੀ ਨੂੰ ਅਪਣਾ ਕੇ ਚੌਖੀ ਆਮਦਨ ਕਰ ਰਹੇ ਹਨ। ਉਹਨਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਤਕਨੀਕੀ ਯੁੱਗ ਵਿੱਚ ਆਮਦਨ ਵਾਲੀਆਂ ਫ਼ਸਲਾਂ ਦੀ ਬਿਜਾਈ ਨੂੰ ਪਹਿਲ ਦੇਣ ਤੇ ਰਾਜਮਾਂਹ ਫ਼ਸਲ ਦੀ ਖੇਤੀ ਲਾਹੇਵੰਦ ਹੈ ਅਤੇ ਕਿਸਾਨ ਇਸ ਖੇਤੀ ਨੂੰ ਅਪਣਾ ਕੇ ਖੁਸ਼ਹਾਲ ਹੋਣ।

ਗੰਨੇ ਹੇਠ 30 ਹਜ਼ਾਰ ਏਕੜ ਰਕਬਾ ਹੋਰ ਲਿਆਵਾਂਗੇ : ਅਮਰੀਕ ਸਿੰਘ

★ ਖੇਤੀਬਾੜੀ ਵਿਭਾਗ ਵੱਲੋਂ ਗੰਨੇ ਦੀ ਬਿਜਾਈ ਬਾਰੇ ਵਿਆਪਕ ਯੋਜਨਾਬੰਦੀ ★ ਸਿਫਾਰਿਸ਼ ਕੀਤੀਆਂ ਕਿਸਮਾਂ ਵਿੱਚੋਂ ਰੋਗ ਰਹਿਤ ਬੀਜ ਵਰਤਣ ਦੀ ਸਲਾਹ



ਗੰਨਾ ਕਮਿਸ਼ਨਰ, ਪੰਜਾਬ ਡਾ. ਅਮਰੀਕ ਸਿੰਘ ਨੇ ਦੱਸਿਆ ਕਿ ਸਰਕਾਰ ਵੱਲੋਂ ਸਾਲ 2026-27 ਲਈ ਫ਼ਸਲੀ ਵੰਨ-ਸੁਵੰਨਤਾ ਨੂੰ ਉਤਸ਼ਾਹਿਤ ਕਰਨ ਲਈ ਝੋਨੇ ਅਤੇ ਕਣਕ ਹੇਠੋਂ ਕਰੀਬ 30 ਹਜ਼ਾਰ ਏਕੜ ਰਕਬਾ ਕੱਢ ਕੇ ਗੰਨੇ ਦੀ ਫ਼ਸਲ ਹੇਠ ਲਿਆਉਣ ਦਾ ਟੀਚਾ ਮਿਥਿਆ ਗਿਆ ਹੈ।

ਇਸ ਟੀਚੇ ਦੀ ਪ੍ਰਾਪਤੀ ਲਈ ਦਫ਼ਤਰ ਗੰਨਾ ਕਮਿਸ਼ਨਰ, ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਵਿਆਪਕ ਯੋਜਨਾਬੰਦੀ ਉਲੀਕੀ ਗਈ ਹੈ। ਇਸ ਤਹਿਤ ਗੰਨਾ ਕਾਸ਼ਤਕਾਰਾਂ ਲਈ ਉੱਨਤ ਕ੍ਰਿਸ਼ੀ ਯੋਜਨਾ ਅਧੀਨ ਜਾਗਰੂਕਤਾ ਕੈਂਪ ਅਤੇ ਪ੍ਰਦਰਸ਼ਨੀਆਂ ਲਗਾਈਆਂ ਜਾ ਰਹੀਆਂ ਹਨ। ਜ਼ਿਕਰਯੋਗ ਹੈ ਕਿ ਗੰਨੇ ਦੀ ਬਹਾਰ ਰੁੱਤ ਦੀ ਬਿਜਾਈ ਇਸ ਸਮੇਂ ਜ਼ੋਰਾਂ 'ਤੇ ਚੱਲ ਰਹੀ ਹੈ। ਮਾਹਿਰਾਂ ਅਨੁਸਾਰ ਇਸ ਨੂੰ 30 ਮਾਰਚ ਤੱਕ ਮੁਕੰਮਲ ਕਰ ਲੈਣਾ ਚਾਹੀਦਾ ਹੈ।

ਡਾ. ਅਮਰੀਕ ਸਿੰਘ ਨੇ ਦੱਸਿਆ ਕਿ ਪੰਜਾਬ ਵਿੱਚ ਗੰਨੇ ਦੀ ਬਿਜਾਈ ਆਮ ਤੌਰ 'ਤੇ ਸਤੰਬਰ-ਅਕਤੂਬਰ ਅਤੇ ਫਰਵਰੀ-ਮਾਰਚ ਮਹੀਨਿਆਂ ਦੌਰਾਨ ਕੀਤੀ ਜਾਂਦੀ ਹੈ। ਕੁਝ ਖੇਤਰਾਂ ਵਿੱਚ ਕਣਕ ਦੀ ਕਟਾਈ ਤੋਂ ਬਾਅਦ ਗੰਨੇ ਦੀ ਬਿਜਾਈ ਕੀਤੀ ਜਾਂਦੀ ਹੈ। ਇਸ ਕਾਰਨ ਗੰਨੇ ਦੀ ਫ਼ਸਲ ਨੂੰ ਪੱਕਣ ਲਈ ਪੂਰਾ ਸਮਾਂ ਨਹੀਂ ਮਿਲਦਾ। ਇਸ ਨਾਲ ਪੈਦਾਵਾਰ ਅਤੇ ਖੰਡ ਦੀ ਰਿਕਵਰੀ 'ਤੇ ਨਕਾਰਾਤਮਕ ਅਸਰ ਪੈਂਦਾ ਹੈ। ਇਸ ਸਮੱਸਿਆ ਤੋਂ ਬਚਣ ਲਈ ਕਣਕ ਦੀ ਕਟਾਈ ਉਪਰੰਤ ਗੰਨੇ ਦੀ ਬਿਜਾਈ ਦੇ ਸਮੇਂ ਤੋਂ ਕਰੀਬ ਇੱਕ ਮਹੀਨਾ ਪਹਿਲਾਂ ਗੰਨੇ ਦੀ ਪਨੀਰੀ ਤਿਆਰ ਕਰ ਲੈਣੀ ਚਾਹੀਦੀ ਹੈ। ਇਸ ਨਾਲ ਫ਼ਸਲ ਨੂੰ ਪੱਕਣ ਲਈ ਇੱਕ ਤੋਂ ਡੇਢ ਮਹੀਨਾ ਵਾਧੂ ਸਮਾਂ ਮਿਲ ਜਾਂਦਾ ਹੈ।

ਡਾ. ਅਮਰੀਕ ਸਿੰਘ ਨੇ ਦੱਸਿਆ ਕਿ ਗੰਨੇ ਦੀ ਪਨੀਰੀ ਦੋ ਤਰੀਕਿਆਂ ਨਾਲ ਤਿਆਰ ਕੀਤੀ ਜਾ ਸਕਦੀ ਹੈ। ਪਹਿਲਾ, ਕੈਵਿਟੀ ਟਰੇਆਂ ਵਿੱਚ ਅਤੇ ਦੂਜਾ ਉੱਚੀਆਂ ਕਿਆਰੀਆਂ 'ਤੇ। ਇੱਕ ਏਕੜ ਵਿੱਚ ਚੌੜੀ ਵਿੱਥ ਦੋਹਰੀ ਖਾਲੀ ਵਿਧੀ ਨਾਲ ਬਿਜਾਈ ਕਰਨ ਲਈ ਤਿਆਰ ਕੀਤੀ ਪਨੀਰੀ ਦੇ ਕਰੀਬ 12 ਹਜ਼ਾਰ ਬੂਟਿਆਂ ਦੀ ਲੋੜ ਪੈਂਦੀ ਹੈ। ਇਹ ਲਗਭਗ 5-7 ਕੁਇੰਟਲ ਗੰਨੇ ਤੋਂ ਤਿਆਰ ਹੋ ਜਾਂਦੇ ਹਨ। ਦੂਜੇ ਪਾਸੇ, ਰਵਾਇਤੀ ਤਰੀਕੇ ਨਾਲ ਪ੍ਰਤੀ ਏਕੜ 30-35 ਕੁਇੰਟਲ ਗੰਨੇ ਦੀ ਲੋੜ ਪੈਂਦੀ ਹੈ। ਬਿਜਾਈ ਲਈ ਸਿਫਾਰਿਸ਼ ਕੀਤੀਆਂ ਕਿਸਮਾਂ ਵਿੱਚੋਂ ਰੋਗ ਰਹਿਤ ਬੀਜ ਦੀ ਚੋਣ ਕਰਨੀ ਚਾਹੀਦੀ ਹੈ।

ਉਨ੍ਹਾਂ ਇਹ ਵੀ ਕਿਹਾ ਕਿ ਗੰਨੇ ਦੀ ਫ਼ਸਲ ਤੋਂ ਵਧੇਰੇ ਆਮਦਨ ਲਈ ਅੰਤਰ-ਫ਼ਸਲੀ ਪ੍ਰਣਾਲੀ ਅਪਣਾਉਣਾ ਜ਼ਰੂਰੀ ਹੈ। ਗੰਨਾ ਕਾਸ਼ਤਕਾਰਾਂ ਨੂੰ ਸਮੇਂ ਸਿਰ ਬਿਜਾਈ ਕਰਨੀ, ਚੌੜੀ ਵਿੱਥ (ਫਰੈਂਚ) ਵਿਧੀ ਅਪਣਾਉਣੀ, ਬਿਜਾਈ ਤੋਂ ਪਹਿਲਾਂ ਬੀਜ ਦੀ ਸੋਧ, ਬੀਜ ਲਈ ਗੰਨੇ ਦਾ ਉਪਰਲਾ ਇੱਕ ਤਿਹਾਈ ਹਿੱਸਾ ਵਰਤਣਾ ਅਤੇ ਅੰਤਰ-ਫ਼ਸਲੀ ਪ੍ਰਣਾਲੀ ਤਹਿਤ ਦਾਲਾਂ ਦੀ ਕਾਸ਼ਤ ਕਰਨ ਦਾ ਖਿਆਲ ਰੱਖਣਾ ਚਾਹੀਦਾ ਹੈ। ਗੰਨੇ ਦੀ ਪਨੀਰੀ ਤਿਆਰ ਕਰਨ ਬਾਰੇ ਵਧੇਰੇ ਜਾਣਕਾਰੀ ਲਈ ਸਹਾਇਕ ਗੰਨਾ ਵਿਕਾਸ ਅਧਿਕਾਰੀਆਂ, ਖੰਡ ਮਿੱਲਾਂ ਦੇ ਅਧਿਕਾਰੀਆਂ ਅਤੇ ਫੀਲਡ ਸਟਾਫ ਨਾਲ ਸੰਪਰਕ ਕੀਤਾ ਜਾ ਸਕਦਾ ਹੈ।



ਸਰ੍ਹੋਂ ਉਤਪਾਦਕਾਂ ਦੇ ਚਿਹਰੇ ਖਿੜੇ

• ਚੰਗੇ ਝਾੜ ਦੇ ਨਾਲ-ਨਾਲ ਭਾਅ ਬਾਜ਼ਾਰ ਵਿੱਚ ਵੀ ਤੇਜ਼ੀ
• ਐਮ.ਐਸ.ਪੀ. ਤੋਂ 1400 ਰੁਪਏ ਵੱਧ ਮਿਲ ਰਿਹਾ ਭਾਅ

ਇੱਕ ਤੋਂ ਬਾਅਦ ਇੱਕ ਫ਼ਸਲਾਂ ਦਾ ਨੁਕਸਾਨ ਉਠਾਉਂਦੇ ਆ ਰਹੇ ਕਿਸਾਨਾਂ ਵਿੱਚੋਂ ਹੁਣ ਉਨ੍ਹਾਂ ਕੁਝ ਕੁ ਕਿਸਾਨਾਂ ਨੂੰ ਰਾਹਤ ਦਾ ਸਾਹ ਆਇਆ ਹੈ, ਜਿਨ੍ਹਾਂ ਨੇ ਇਸ ਵਾਰ ਕਣਕ-ਝੋਨੇ ਦੇ ਰਵਾਇਤੀ ਫ਼ਸਲੀ ਚੱਕਰ ਨੂੰ ਛੱਡ ਕੇ ਕਣਕ ਦੀ ਥਾਂ 'ਤੇ ਸਰ੍ਹੋਂ ਦੀ ਕਾਸ਼ਤ ਨੂੰ ਤਰਜੀਹ ਦਿੱਤੀ ਹੈ। ਇਸ ਵਾਰ ਸਰ੍ਹੋਂ ਦਾ ਭਾਅ ਬਾਜ਼ਾਰ ਹੀ ਸਮਰਥਨ ਮੁੱਲ ਤੋਂ ਉੱਪਰ ਨਹੀਂ ਚੱਲ ਰਿਹਾ, ਸਗੋਂ ਇਸ ਦਾ ਝਾੜ ਵੀ ਚੰਗਾ ਨਿਕਲ ਰਿਹਾ ਹੈ। ਝਾੜ ਦੇ ਨਾਲ ਹੀ ਇਸ ਤੇਲ ਫ਼ਸਲ ਦਾ ਪੰਜਾਬ ਦੀਆਂ ਮੰਡੀਆਂ ਵਿੱਚ ਭਾਅ ਵੀ ਚੰਗਾ ਮਿਲ ਰਿਹਾ ਹੈ। ਪ੍ਰਾਪਤ ਅੰਕੜਿਆਂ ਅਨੁਸਾਰ ਇਸ ਸਾਲ ਸਰ੍ਹੋਂ ਦਾ ਕੇਂਦਰ ਸਰਕਾਰ ਵੱਲੋਂ ਘੱਟੋ-ਘੱਟ ਸਮਰਥਨ ਮੁੱਲ 6200 ਰੁਪਏ ਪ੍ਰਤੀ ਕੁਇੰਟਲ ਨਿਰਧਾਰਿਤ ਕੀਤਾ ਹੈ, ਜੋ ਪਿਛਲੇ ਸਾਲ ਦੇ 5950 ਰੁਪਏ ਪ੍ਰਤੀ ਕੁਇੰਟਲ ਨਾਲੋਂ 250 ਰੁਪਏ ਵੱਧ ਹੈ, ਪਰ ਇਸ ਸਮੇਂ ਪੰਜਾਬ ਦੀਆਂ ਮੰਡੀਆਂ ਵਿੱਚ ਪੀਲੀ ਸਰ੍ਹੋਂ 7400 ਰੁਪਏ ਪ੍ਰਤੀ ਕੁਇੰਟਲ 'ਤੇ ਵਿਕ ਰਹੀ ਹੈ, ਜੋ ਸਮਰਥਨ ਮੁੱਲ ਤੋਂ ਲਗਭਗ 1400 ਰੁਪਏ ਪ੍ਰਤੀ ਕੁਇੰਟਲ ਵੱਧ ਹੈ। ਦੂਜੇ ਪਾਸੇ, ਇਸ ਤੇਲ ਬੀਜ ਫ਼ਸਲ ਦੀ ਬੇਹੱਦ ਮੰਗ ਹੋਣ ਦੇ ਬਾਵਜੂਦ ਪੰਜਾਬ ਵਿੱਚ ਸਰ੍ਹੋਂ ਦੀ ਕਾਸ਼ਤ ਦਾ ਰਕਬਾ ਬੇਹੱਦ ਸੀਮਤ ਹੈ, ਜਿਸ ਦਾ ਮੁੱਖ ਕਾਰਨ ਕਿਸਾਨਾਂ ਨੇ ਇਸ ਫ਼ਸਲ 'ਤੇ ਹੋਣ ਵਾਲੇ ਕੀੜੇ-ਮਕੌੜਿਆਂ ਦਾ ਹਮਲਾ, ਮੌਸਮ ਦੀ ਕਰੋਪੀ ਤੇ ਸਭ ਤੋਂ ਵੱਧ ਸਰਕਾਰ ਵੱਲੋਂ ਇਸ ਫ਼ਸਲ ਦੀ ਸਮਰਥਨ ਮੁੱਲ 'ਤੇ ਖਰੀਦ ਨਾ ਕੀਤੇ ਜਾਣ ਕਾਰਨ ਭਾਅ ਵਿੱਚ ਬਣੀ ਅਨਿਸ਼ਚਿਤਾ ਮੁੱਖ ਕਾਰਨ ਹਨ। ਇਸ ਵਾਰ ਰਾਜ ਵਿੱਚ ਪਿਛਲੇ ਸਾਲ ਦੇ 41 ਹਜ਼ਾਰ ਹੈਕਟੇਅਰ ਦੇ ਮੁਕਾਬਲੇ 10 ਹਜ਼ਾਰ ਹੈਕਟੇਅਰ ਰਕਬਾ ਵਧਣ ਕਾਰਨ ਪੰਜਾਬ ਵਿੱਚ ਸਰ੍ਹੋਂ ਹੇਠਾਂ ਲਗਭਗ 51 ਹਜ਼ਾਰ ਹੈਕਟੇਅਰ ਰਕਬਾ ਹੋ ਗਿਆ ਹੈ। ਖੇਤੀਬਾੜੀ ਵਿਭਾਗ ਤੋਂ ਮਿਲੀ ਜਾਣਕਾਰੀ ਅਨੁਸਾਰ ਪੰਜਾਬ ਵਿੱਚ ਸਰ੍ਹੋਂ ਉਗਾਉਣ ਲਈ ਤੇਲ ਬੀਜ ਮਿਸ਼ਨ ਅਧੀਨ ਗੁਰਦਾਸਪੁਰ, ਪਟਿਆਲਾ, ਸੰਗਰੂਰ, ਫਤਹਿਗੜ੍ਹ ਸਾਹਿਬ ਜ਼ਿਲ੍ਹਿਆਂ ਵਿੱਚ ਇਸ ਸਾਲ ਬੀਜ 'ਤੇ 50 ਫੀਸਦੀ ਸਬਸਿਡੀ ਦਿੱਤੀ ਗਈ ਅਤੇ ਇਸ ਦੇ ਨਾਲ ਹੀ ਕਿਸਾਨਾਂ ਨੂੰ ਸਹੀ ਤਰੀਕੇ ਨਾਲ ਮਾਰਕੀਟਿੰਗ ਕਰਨ ਲਈ ਸਿਖਲਾਈ ਵੀ ਦਿੱਤੀ ਗਈ। ਇਨ੍ਹਾਂ ਸਰਕਾਰੀ ਯਤਨਾਂ ਸਦਕਾ ਇਸ ਵਾਰ ਸਰ੍ਹੋਂ ਦਾ ਰਕਬਾ ਭਾਵੇਂ ਲਗਭਗ 25 ਫੀਸਦੀ ਵੱਧ ਗਿਆ ਹੈ, ਪਰ ਇਸ ਵਾਧੇ ਨੂੰ ਨਿਰੰਤਰ ਜਾਰੀ ਰੱਖਣ ਲਈ ਸਰਕਾਰ ਨੂੰ ਇਸ ਦੀ ਖੇਤੀ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ।

ਪਿਛਲੇ ਸਾਲ ਭਾਰਤ ਨੇ ਕੀਤੀ 16 ਮਿਲੀਅਨ ਟਨ ਖਾਣ ਵਾਲੇ ਤੇਲ ਦੀ ਬਰਾਮਦ

ਦੇਸ਼ ਵਿੱਚ ਖਾਣ ਵਾਲੇ ਤੇਲ ਦੀ ਸਾਲਾਨਾ ਮੰਗ ਲਗਭਗ 25-26 ਮਿਲੀਅਨ ਟਨ ਹੈ। ਜਦੋਂਕਿ ਉਤਪਾਦਨ ਲਗਭਗ 9-10 ਮਿਲੀਅਨ ਟਨ ਹੀ ਹੁੰਦਾ ਹੈ, ਜੋ ਕੁੱਲ ਮੰਗ ਦਾ ਕਰੀਬ 40 ਫੀਸਦੀ ਬਣਦਾ ਹੈ। ਤੇਲ ਦੀ ਲੋੜ ਦੀ ਪੂਰਤੀ ਲਈ ਪਿਛਲੇ ਸਾਲ ਭਾਰਤ ਨੇ ਲਗਭਗ 16 ਮਿਲੀਅਨ ਟਨ ਖਾਣ ਵਾਲੇ ਤੇਲ ਦੀ ਦਰਾਮਦ ਕੀਤੀ। ਜਿਸ 'ਤੇ ਲਗਭਗ 1.61 ਲੱਖ ਕਰੋੜ ਖਰਚ ਆਇਆ। ਇਸ ਲਈ ਤੇਲ ਬੀਜਾਂ ਦੀ ਖੇਤੀ ਨੂੰ ਉਤਸ਼ਾਹਿਤ ਕਰਕੇ ਸਰਕਾਰ ਨਾ ਸਿਰਫ ਵਿਦੇਸ਼ੀ ਮੁਦਰਾ ਬਚਾ ਸਕਦੀ ਹੈ, ਸਗੋਂ ਕਿਸਾਨਾਂ ਦੀ ਆਮਦਨੀ ਵਿੱਚ ਵੀ ਵਾਧਾ ਕਰ ਸਕਦੀ ਹੈ।



ਪੰਜਾਬ ਦੀ ਖੇਤੀ ਨੂੰ ਨਵੀਂ ਦਿਸ਼ਾ ਦਿੰਦੇ ਕਿਸਾਨ ਮੇਲੇ

ਪੀ. ਏ. ਯੂ. ਦੇ ਕਿਸਾਨ ਮੇਲੇ ਸੰਸਾਰ ਭਰ ਵਿੱਚ ਕਿਸਾਨਾਂ ਨੂੰ ਦਿੱਤੀਆਂ ਜਾਂਦੀਆਂ ਪਸਾਰ ਸੇਵਾਵਾਂ ਦੇ ਆਧਾਰ 'ਤੇ ਆਪਣੀ ਵਿਲੱਖਣ ਪਛਾਣ ਬਣਾ ਚੁੱਕੇ ਹਨ। ਪੰਜਾਬ ਦੇ ਖੇਤੀ ਵਿਕਾਸ ਅਤੇ ਹਰੀ ਕ੍ਰਾਂਤੀ ਦੀ ਆਮਦ ਵਿੱਚ ਪੀ. ਏ. ਯੂ. ਵਲੋਂ ਲਾਏ ਜਾਣ ਵਾਲੇ ਕਿਸਾਨ ਮੇਲਿਆਂ ਦਾ ਭਰਪੂਰ ਅਤੇ ਅਹਿਮ ਯੋਗਦਾਨ ਰਿਹਾ ਹੈ। ਕਿਸਾਨੀ ਨੂੰ ਵਿਗਿਆਨਕ ਖੇਤੀ ਨਾਲ ਜੋੜਨ ਅਤੇ ਨਵੇਂ ਖੇਤੀ ਤਰੀਕਿਆਂ ਨੂੰ ਪ੍ਰਚਲਿਤ ਕਰਨ ਲਈ ਪੀ. ਏ. ਯੂ. ਨੇ ਕਿਸਾਨ ਮੇਲਿਆਂ ਰਾਹੀਂ ਨਵੀਂ ਵਿਗਿਆਨਕ ਚੇਤਨਾ ਨੂੰ ਪੰਜਾਬ ਦੇ ਕੋਨੇ-ਕੋਨੇ ਦੇ ਜਨਮਾਨਸ ਤੱਕ ਪਹੁੰਚਾਇਆ। ਇਸੇ ਦਾ ਨਤੀਜਾ ਹੈ ਕਿ ਅਨਾਜ ਉਤਪਾਦਨ ਦੇ ਪੱਖ ਤੋਂ ਪੰਜਾਬ ਦੇਸ਼ ਦਾ ਹੀ ਨਹੀਂ, ਦੁਨੀਆ ਦਾ ਮੋਢੀ ਖਿੱਤਾ ਬਣ ਕੇ ਸਾਹਮਣੇ ਆਇਆ। ਪੀ.ਏ.ਯੂ. ਦੇ ਕਿਸਾਨ ਮੇਲੇ ਪੀ. ਏ. ਯੂ. ਦੇ ਮੁੱਖ ਕੈਂਪਸ ਤੋਂ ਇਲਾਵਾ ਅੰਮ੍ਰਿਤਸਰ, ਬੱਲੋਵਾਲ ਸੌਂਖੜੀ, ਫਰੀਦਕੋਟ, ਗੁਰਦਾਸਪੁਰ, ਪਟਿਆਲਾ, ਬਠਿੰਡਾ ਆਦਿ ਕੇ. ਵੀ. ਕੇ. ਤੇ ਖੇਤਰੀ ਖੋਜ ਕੇਂਦਰਾਂ ਵਿੱਚ ਲਾਏ ਜਾਂਦੇ ਹਨ। ਇਨ੍ਹਾਂ ਮੇਲਿਆਂ ਨੇ ਇੱਥੋਂ ਦੇ ਇਲਾਕਿਆਂ ਦੀਆਂ ਖੇਤੀ ਲੋੜਾਂ ਅਨੁਸਾਰ ਨਵੀਆਂ ਖੇਤੀ ਖੋਜਾਂ ਅਤੇ ਤਕਨਾਲੋਜੀਆਂ ਦੀਆਂ ਕਾਢਾਂ ਕਿਸਾਨਾਂ ਤੱਕ ਪਹੁੰਚਾਈਆਂ। ਪੀ. ਏ. ਯੂ. ਦੇ ਕੈਂਪਸ ਵਿੱਚ ਲੱਗਣ ਵਾਲੇ ਮੁੱਖ ਕਿਸਾਨ ਮੇਲੇ ਦੌਰਾਨ ਕਿਸਾਨਾਂ ਦਾ ਠਾਠਾਂ ਮਾਰਦਾ ਇਕੱਠ ਸਿਰਫ਼ ਮੇਲਾ ਦੇਖਣ ਲਈ ਨਹੀਂ ਜੁੜਦਾ, ਬਲਕਿ ਮਾਹਿਰਾਂ ਦੀਆਂ ਕੀਮਤੀ ਸਲਾਹਾਂ ਲੈਣ ਅਤੇ ਪਿਛਲੇ ਛੇ ਮਹੀਨਿਆਂ ਦੌਰਾਨ ਆਉਂਦੀ ਫ਼ਸਲ ਲਈ ਕੀਤੀਆਂ ਖੋਜਾਂ ਤੇ ਤਕਨੀਕਾਂ ਦੀਆਂ ਪ੍ਰਦਰਸ਼ਨੀਆਂ ਦੇਖਣ ਲਈ ਜੁੜਦਾ ਹੈ। ਇਸ ਤੋਂ ਇਲਾਵਾ ਵਿਕਸਤ ਫ਼ਸਲਾਂ ਦੀਆਂ ਕਿਸਮਾਂ ਦੀਆਂ ਪ੍ਰਦਰਸ਼ਨੀਆਂ, ਫਲਦਾਰ ਪੌਦਿਆਂ ਅਤੇ ਨਵੀਂ ਮਸ਼ੀਨਰੀ ਦੀਆਂ ਸਟਾਲਾਂ ਦੇਖਣ ਲਈ ਕਿਸਾਨ ਹੁੰਮ-ਹੁਮਾ ਕੇ ਇੱਥੇ ਪਹੁੰਚਦੇ ਹਨ। ਖੇਤੀ ਸਾਹਿਤ ਨਾਲ ਜੁੜਨ ਦਾ ਵਸੀਲਾ ਪੀ. ਏ. ਯੂ. ਦੇ ਕਿਸਾਨ ਮੇਲੇ ਬਹੁਤ ਸਾਲਾਂ ਤੋਂ ਬਣੇ ਹੋਏ ਹਨ।

ਪੰਜਾਬ ਦੇ ਖੇਤੀ ਵਿਕਾਸ ਦੀ ਜੇਕਰ ਗੱਲ ਕੀਤੀ ਜਾਵੇ ਤਾਂ ਪੀ.ਏ.ਯੂ. ਦੇ ਕਿਸਾਨ ਮੇਲਿਆਂ ਨੇ ਕਿਸੇ ਵੀ ਹੋਰ ਤਿਉਹਾਰ ਵਾਂਗ ਇੱਥੋਂ ਦੇ ਕਿਸਾਨ ਦੇ ਮਨ ਵਿੱਚ ਨਵੀਂ ਵਿਗਿਆਨਕ ਖੇਤੀ ਦੀ ਜਾਗ ਲਾਉਣ ਵਿੱਚ ਭਰਪੂਰ ਯੋਗਦਾਨ ਪਾਇਆ ਹੈ। ਪੰਜਾਬ ਦੇ ਖੇਤੀ ਵਿਕਾਸ ਪੀ. ਏ. ਯੂ. ਦੇ ਕਿਸਾਨ ਮੇਲਿਆਂ ਵਿੱਚ ਦਿੱਤੀਆਂ ਜਾਂਦੀਆਂ ਪਸਾਰ ਗਤੀਵਿਧੀਆਂ ਨਾਲੋਂ ਵੱਖਰਾ ਕਰਕੇ ਦੇਖਿਆ ਹੀ ਨਹੀਂ ਜਾ ਸਕਦਾ। ਇਸ ਲਈ ਇਹ ਕਿਸਾਨ ਮੇਲੇ ਵਿੱਚ ਇਸ ਖਿੱਤੇ ਵਿੱਚ ਖੇਤੀ ਨੂੰ ਹੋਰ ਅਗੇਰੇ ਵਧਾਉਣ ਲਈ ਮਹੱਤਵਪੂਰਨ ਉਤਸਵ ਵਾਂਗ ਮਨਾਏ ਜਾਂਦੇ ਹਨ। ਇਸ ਵਾਰ ਦੇ ਕਿਸਾਨ ਮੇਲੇ ਸ਼ੁਰੂ ਹੋ ਚੁੱਕੇ ਹਨ। 20 ਤੇ 21 ਮਾਰਚ ਨੂੰ ਪੀ. ਏ. ਯੂ. ਦੇ ਮੁੱਖ ਕੈਂਪਸ ਵਿੱਚ, 24 ਮਾਰਚ ਨੂੰ ਬਠਿੰਡਾ ਅਤੇ 27 ਮਾਰਚ ਨੂੰ ਗੁਰਦਾਸਪੁਰ ਵਿਖੇ ਕਿਸਾਨ ਮੇਲਾ ਲਾਇਆ ਜਾ ਰਿਹਾ ਹੈ।

ਇਨ੍ਹਾਂ ਕਿਸਾਨ ਮੇਲਿਆਂ ਦੌਰਾਨ ਕਿਸਾਨ ਤੇ ਵਿਗਿਆਨੀਆਂ ਨੂੰ ਇੱਕੋ ਸਥਾਨ ਤੋਂ ਖੇਤੀ ਨਾਲ ਸੰਬੰਧਿਤ ਬਹੁਤ ਸਾਰੀਆਂ ਮੁਸ਼ਕਿਲਾਂ, ਸਮੱਸਿਆਵਾਂ ਦੇ ਨਾਲ-ਨਾਲ ਨਵੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਅਤੇ ਉਨ੍ਹਾਂ ਬਾਰੇ ਵਿਚਾਰਨ ਦਾ ਇੱਕ ਮੰਚ ਮੁਹੱਈਆ ਕੀਤਾ ਜਾਂਦਾ ਹੈ। ਇੱਥੇ ਨਾ ਸਿਰਫ਼ ਸੱਭਿਆਚਾਰਕ ਪ੍ਰੋਗਰਾਮ ਪੇਸ਼ ਹੁੰਦੇ ਹਨ, ਸਗੋਂ ਮਾਹਰਾਂ ਵਲੋਂ ਕਿਸਾਨਾਂ ਨੂੰ ਨਵੀਆਂ ਕਾਢਾਂ ਅਤੇ ਖੇਤੀ ਸੰਬੰਧੀ ਉਨ੍ਹਾਂ ਦੇ ਸਵਾਲਾਂ ਦੇ ਤਸੱਲੀਬਖ਼ਸ਼ ਜਵਾਬ ਦੇ ਕੇ ਇਸ ਯੋਗ ਬਣਾਇਆ ਜਾਂਦਾ ਹੈ ਕਿ ਉਹ ਆਉਂਦੀ ਫ਼ਸਲ ਲਈ ਆਪਣੀਆਂ ਸਾਰੀਆਂ ਯੋਗਤਾਵਾਂ ਲਾ ਕੇ ਵੱਧ ਤੋਂ ਵੱਧ ਝਾੜ ਪੈਦਾ ਕਰਨ ਅਤੇ ਆਪਣੀ ਆਮਦਨ ਵਿੱਚ ਵਾਧਾ ਕਰ ਸਕਣ। ਇਸ ਦੇ ਨਾਲ ਹੀ ਖੇਤੀ ਅਤੇ ਹੋਰ ਕਿੱਤਿਆਂ ਬਾਰੇ ਨਵੀਂ ਜਾਣਕਾਰੀ ਕਿਸਾਨਾਂ ਨੂੰ ਪਹੁੰਚਾਉਣ ਦਾ ਕਾਰਜ ਵੀ ਇਹ ਕਿਸਾਨ ਮੇਲੇ ਕਰਦੇ ਹਨ। ਕੁੱਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਕਿਸਾਨ ਮੇਲਿਆਂ ਨੇ ਖੇਤੀ ਪ੍ਰਤੀ ਕਿਸਾਨਾਂ ਦੇ ਵਿਹਾਰ ਨੂੰ ਤਬਦੀਲ ਕਰਨ ਵਿੱਚ ਜਿੰਨਾ ਵੱਡਾ ਯੋਗਦਾਨ ਪਾਇਆ ਹੈ, ਉਸ ਦੀ ਮਿਸਾਲ ਦੁਨੀਆ ਦੇ ਕਿਸੇ ਵੀ ਹੋਰ ਇਲਾਕੇ ਵਿੱਚ ਮਿਲਣੀ ਅਸੰਭਵ ਦੇ ਬਰਾਬਰ ਹੋਵੇਗੀ। ਇਸ ਮੇਲੇ ਦਾ ਇੱਕ ਹੋਰ ਉਭਰਵਾਂ ਪੱਖ ਇੱਥੇ ਲਗਾਈ ਜਾਂਦੀ ਖੇਤੀ ਉਦਯੋਗ ਦੀ ਵੱਡੀ ਪ੍ਰਦਰਸ਼ਨੀ ਹੁੰਦੀ ਹੈ, ਜਿਸ ਵਿੱਚ ਪ੍ਰਾਈਵੇਟ ਸੈਕਟਰ ਵਲੋਂ ਨਵੀਂ ਮਸ਼ੀਨਰੀ, ਸੰਦ ਤੇ ਹੋਰ ਵਸਤਾਂ ਪ੍ਰਦਰਸ਼ਿਤ ਕੀਤੀਆਂ ਜਾਂਦੀਆਂ ਹਨ। ਕਿਸਾਨ ਵੀਰ ਵੱਖ-ਵੱਖ ਪ੍ਰਦਰਸ਼ਨੀਆਂ ਵੇਖਣ ਤੇ ਮਿੱਟੀ-ਪਾਣੀ ਪਰਖ ਕਰਵਾਉਣ ਤੋਂ ਇਲਾਵਾ ਖੇਤੀ ਸਾਹਿਤ ਅਤੇ ਨਵੇਂ ਬੀਜ ਵੀ ਪ੍ਰਾਪਤ ਕਰ ਸਕਦੇ ਹਨ। ਵੱਖ-ਵੱਖ ਖੇਤਰਾਂ ਵਿੱਚ ਮੱਲਾਂ ਮਾਰਨ ਵਾਲੇ ਕਿਸਾਨ ਬੀਬੀਆਂ ਨੂੰ ਇਨ੍ਹਾਂ ਮੇਲਿਆਂ ਦੌਰਾਨ ਸਨਮਾਨਿਤ ਵੀ ਕੀਤਾ ਜਾਂਦਾ ਹੈ। ਇਹ ਕਿਸਾਨ ਮੇਲੇ ਪੰਜਾਬ ਵਿੱਚ ਵਿਗਿਆਨਕ ਖੇਤੀ ਦਾ ਮੁੱਢ ਸਾਬਿਤ ਹੋਏ ਹਨ। ਇਨ੍ਹਾਂ ਮੇਲਿਆਂ ਰਾਹੀਂ ਬਹੁਤ ਸਾਰੇ ਅਗਾਂਹਵਧੂ ਕਿਸਾਨ ਖੇਤੀ ਨੂੰ ਹੋਰ ਲਾਹੇਵੰਦ ਕਿੱਤਾ ਬਣਾਉਣ ਤੇ ਆਪਣਾ ਜੀਵਨ ਪੱਧਰ ਉੱਚਾ ਚੁੱਕਣ ਵਿੱਚ ਸਫ਼ਲ ਰਹੇ। ਵਰਤਮਾਨ ਵਿੱਚ ਵੀ ਇਨ੍ਹਾਂ ਮੇਲਿਆਂ ਦਾ ਕੋਈ ਬਦਲ ਹੋ ਨਹੀਂ ਸਕਦਾ। ਇਹ ਮੇਲੇ ਪੰਜਾਬ ਦੀ ਕਿਸਾਨੀ ਦੀ ਜੀਵਨ ਰੇਖਾ ਸਾਬਿਤ ਹੋ ਰਹੇ ਹਨ। ਮੇਲਿਆਂ ਦੀ ਸਫ਼ਲਤਾ ਇਸ ਗੱਲੋਂ ਵੀ ਸਾਬਿਤ ਹੁੰਦੀ ਹੈ ਕਿ ਮੇਲਿਆਂ ਵਿੱਚੋਂ ਗਿਆਨ ਹਾਸਿਲ ਕਰਕੇ ਆਪਣੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਵਾਲੇ ਕਿਸਾਨਾਂ ਦੀ ਗਿਣਤੀ ਆਏ ਸਾਲ ਵੱਧ ਰਹੀ ਹੈ। ਬੀਬੀਆਂ ਵਲੋਂ ਬਣਾਏ ਸਵੈ-ਜੀਵਨੀ ਸਮੂਹਾਂ ਦੇ ਸਟਾਲ ਆਪਣੇ-ਆਪ ਹੀ ਕਿਸਾਨ ਬੀਬੀਆਂ ਵਲੋਂ ਪਰਿਵਾਰਾਂ ਦੀ ਆਰਥਿਕਤਾ ਵਿੱਚ ਪਾਏ ਯੋਗਦਾਨ ਨੂੰ ਬਿੰਬਿਤ ਕਰਦੇ ਹਨ। ਸੋ ਕਿਸਾਨ ਵੀਰੋ, ਇਨ੍ਹਾਂ ਮੇਲਿਆਂ ਵਿੱਚ ਵਧ-ਚੜ੍ਹ ਕੇ ਹਾਜ਼ਰੀ ਭਰੋ ਅਤੇ ਨਵੀਆਂ ਖੇਤੀ ਤਕਨੀਕਾਂ ਦੇ ਹਾਣੀ ਬਣੋ।

- ਜਗਵਿੰਦਰ ਸਿੰਘ, ਤੇਜਿੰਦਰ ਸਿੰਘ
ਰਿਆੜ, ਸੰਚਾਰ ਕੇਂਦਰ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ
(ਮੋ. 94654-64502)

